ਅਸਲੀ ਤੇ ਪੂਰਾ ਪ੍ਰਸੰਗ

# ਸੱਸੀ ਪੰਨੂ

ਕ੍ਰਿਤ ਕਵੀ :- ਹਾਸ਼ਿਮ



## ਪ੍ਰਕਾਸ਼ਕ-ਅੰਮ੍ਰਿਤ ਪੁਸਤਕ ਭੰਡਾਰ

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। ਮੂਲ 4-00 ਰੁਪੈ

※ ਅਥ ਕਿੱਸਾ ※

# ਕਿੱਸਾ ਸੱਸੀ ਪੁੰਨੂ

ਕ੍ਰਿਤ—ਹਾਸ਼ਮ ਕਵੀ ਲਿਖਯਤੇ

ਪ੍ਰਕਾਸ਼ਕ-ਅੰਮ੍ਰਿਤ ਪੁਸਤਕ ਭੰਡਾਰ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਸਿਫਤ ਪ੍ਰਮਾਤਮਾ

ਹਿਕਮਤ ਓਹ ਖੁਦਾਵੰਦ ਵਾਲੀ ਮਾਲਕ ਮੁਲਕ ਮਲਕਦਾ ਲਖ ਕਰੋੜ ਕਰਨ ਚਤੁਰਾਈ ਕੋਈ ਪਛਾਣ ਨਾ ਸਕਦਾ। ਕੁਦਰਤ ਨਾਲ ਰਹਾਂ ਸਰਗਦਾ ਦਾ ਇਸ ਚਰਖ ਫਲਕ ਦਾ। ਹਾਸ਼ਮ ਖੂਬ ਹੋਈ ਗੁਲਕਾਰੀ ਫਰਸ਼ ਫਨਾਹ ਖਲਕ ਦਾ।੧। ਜੋ ਮਖਲਕ ਨਾਂ ਬਾਹਰ ਇਸ ਥੀਂ ਹਰਫ ਸਖਨ ਵਿਚ ਆਯਾ। ਹੁਸਨ ਕਲਾਮ ਜੋ ਸ਼ਾਇਰ ਕਰਦੇ ਸੁਖਨ ਅਸਾਂ ਥੀਂ ਆਯਾ। ਜੇਹਾ ਅਕਲ ਸ਼ਊਰ ਅਸਾਡਾ ਅਸਾਂ ਭੀ ਆਖ ਸੁਲਾਯਾ।ਹਿਕਮਤ ਨਾਲ ਹਕੀਮ ਅਕਲੇ ਦੇ ਹਰ ਇਕ ਸ਼ਾਮ ਦਿਖਾਯਾ।੨। ਹਿਕਮਤ ਨਾਲ ਹਕੀਮ ਜਲ ਦੇ ਨਕਸ਼ ਨਗਾਰ ਬਨਾਯਾ। ਜੋ ਅਸਵਾਰ ਅਮੀਰ ਇਸ਼ਕ ਨੇ ਕਦ ਜਿਸਮ ਵਿਚ ਪਇਆ। ਸੁਣ ਸੁਣ ਹੋਤ, ਸੱਸੀ ਦੀਆਂ ਬਾਤਾਂ ਕਮਾਲ ਇਸ਼ਕ ਕਮਾਯਾ। ਹਾਸ਼ਮ ਜੋ ਸਤ ਥੀਂ ਮੱਤ ਕੀਆ ਵਹਿਮ ਉਤੇ ਵਲ ਆਯਾ।੩।

ਸਿਫਤ ਬਾਦਸ਼ਾਹ ਦੀ ਆਦਮ

ਆਦਮ ਜਾਤ ਭੰਬੋਰ ਸ਼ਹਿਰ ਦਾ ਸਾਹਿਬ ਤਖਤ ਕਹਾਵੇ। ਬਹਿਸ਼ਤੀ ਨੂਰ ਜਨਾਇਤ ਆਦਮ ਹਰ ਇਕ ਸੀਸ ਨਿਵਾਵੇ। ਸ਼ਾਹ ਜਲਾਲ ਸਕੰਦਰ ਵਾਲੀ ਖਾਤਰ ਮੂਲ ਨਾ ਲਿਆਵੇ।ਹਾਸ਼ਮ ਭੰਬੋਰ ਜ਼ਬਾਨ ਨਾ ਸਕਦੀ ਕੌਣ ਤਰੀਫ ਸੁਨਾਵੇ।੪। ਸ਼ਹਿਰ ਭੰਬੋਰ ਮਕਾਨ ਇਲਾਹੀ ਅਜਬ ਬਹਿਸ਼ਤ ਬਨਾਯਾ। ਫਰਸ਼ ਫਰੂਸ ਰਮਨ ਗੁਲ ਬਗਚੀ ਹਰ ਹਰ ਜਾਤਿ ਲਗਾਯਾ। ਨਦੀਆਂ ਹੌਜ਼ ਤਲਾਓ

ਚਤੁਰਫੀ ਰਲ ਮਿਲ ਸਮਾਂ ਸੁਹਾਯਾ। ਹਾਸ਼ਮ ਰੂਹ ਰਹੇ ਵਿਚ ਫਸਿਆ ਨਵਾਂ ਹਰੂਮ ਵਸਾਯਾ। ੫। ਅਮੀਰ ਵਜ਼ੀਰ ਗ਼ੁਲਾਮ ਕਰੋੜਾਂ ਲਸ਼ਕਰ ਫੌਜ ਖਜ਼ਾਨੇ। ਸਬਜ਼ੇ ਸਰੂ ਨਿਸਾਨ ਹਜ਼ਾਰਾਂ ਸਯਾਮ ਘਟੀ ਸਮਯਾਨੇ। ਪਾਵਨੇ ਖੈਰ ਫਕੀਰ ਮੁਸਾਫਰ ਸਾਹਿਬ ਹੋਸ਼ ਦੀਵਾਨੇ ਹਾਸ਼ਮ ਏਸ ਗਮੀ ਵਿਚ ਆਜਜ਼ ਹੋਸ਼ ਉਲਾਦਨ ਖਾਨੇ ॥੬॥ ਖਾਹਸ਼ ਉਸ ਔਲਾਦ ਹਮੇਸ਼ਾਂ ਪਰੀ ਸ਼ਹੀਦ ਮਨਾਵੇ। ਦੇਵੇ ਲਿਬਾਸ ਪੁਸ਼ਾਕ ਗਰੀਬਾਂ ਭੁਖਿਆਂ ਤਾਮ ਖੁਲਾਵੇ। ਦੇਖ ਉਜਾੜ ਮੁਸਾਫਰਾਂ ਕਰਨ ਤਾਲ ਸਜਾਦੇ ਬਨਾਵੇ। ਹਾਸ਼ਮ ਕਰੇ ਜਾਹਨ ਦੁਆਈਆਂ ਸਾਂਈ ਆਸ ਪੁਜਾਵੇ ॥੭॥ ਦੂਰਿ ਯਤੀਮ ਹਫਦ ਵਿਚ ਹੋਯਾ ਸੁਣੀ ਪੁਕਾਰ ਦਿਲਾਂ ਦੀ। ਫਿਰੀ ਬਹਾਰ ਸ਼ਗੁਫੇ ਵਾਲੀ ਹੋਈ ਉਮੈਦ ਗੁਲਾਂ ਕੀ। ਸਜਮਾਂ ਫੁਲ ਹੋਈ ਅਬਰੇਸ਼ਮ ਹੈਸੀ ਖਸਤ ਸੁਲਾਂ ਦੀ। ਹਾਸ਼ਮ ਦੇਖ ਰੋਏ ਗਲ ਲਾਲਾ ਰੋਗ ਬਹਾਰ ਫੁਲਾਂ ਦੀ ॥੮॥ ਸੱਸੀ ਜਨਮ ਲਿਆ ਸਭ ਕਦਰ ਮੀਸਲ ਹਲਾਲ ਦਰਖਸ਼ਾ। ਅਕਲ ਕਿਆਸ ਖਿਆਲੋਂ ਬਾਹਰ ਨਜ਼ਰ ਕਰੇ ਵਲ ਨਕਸ਼ਾ। ਦੇਖ ਬੇਤਾਬ ਹੋਏ ਨਗ ਮੋਤੀ ਸੋਗੇ ਲਾਲ ਬਦਖਸਾਂ। ਹਾਸ਼ਮ ਆਖ ਤਾਰੀਫ ਹੁਸਨ ਦੀ ਸਪਸ ਮਸਾਲ ਦਰਖਸ ॥ ੯ ॥ ਜ਼ੁਲਮ ਜਹਾਨ ਹੋਯਾਂ ਖੁਸ਼ਹਾਲੀ ਫਿਰਿਆ ਲੋਕ ਜਮਾਨਾ। ਨੌਬਤ ਨਾਚ ਸੁਮਾਰ ਨਾ ਕੋਈ ਧੁਰਪਦ ਨਾਲ ਤਰਾਨਾ ਕਰ ਸਿਰਵਾਰ ਸਟਨ ਜ਼ਰ ਮੋਤੀ ਹੋਰ ਜਵਾਰ ਖਾਨਾ। ਹਾਸ਼ਮ ਖੈਰ ਕੀਤਾ ਫੁਕਰਵਾ ਮੁਲਕ ਮਾਲ ਖਜ਼ਾਨਾ।੧੦। ਅਹਿਲ ਨਜੂਮ ਕਦੇ ਉਸ ਵੇਲੇ ਹਿਫਜ਼ ਤੁਰੈਤ ਜਬਾਨੀ। ਸਾਹਿਬ ਯੁਮਨ ਕਰਾਮਤ ਵਾਲੇ ਖਬਰ ਦੇਵਨ ਅਸਮਾਨੀ। ਦੇਖਣ ਉਮਰ ਨਸੀਬ ਸੱਸੀ ਦੇ ਖੇਲ ਰੁਬਾਨੀ। ਹਾਸ਼ਮ ਭਾਰ ਸੱਸੀ ਸਿਰ ਡਾਢੇ ਹੋਸ਼ ਸਿਤਾਬ ਮਸਾਨੀ।੧੧। ਦੇਖ ਕਿਤਾਬ ਨਜੂਮੀ ਹੋਇ ਰਹੇ ਚੁਪ ਸਾਰੇ। ਜ਼ਾਲਮ ਹੁਕਮ ਸਾਹ ਸੁਲਤਾਨਾਂ ਕੌਣ ਕੋਈ ਦਮ ਮਾਰੇ। ਪਾਤਸ਼ਾਹ ਸੱਚ ਬੋਲਨ ਮੁਸ਼ਕਲ ਹੋਏ ਲਾਚਾਰ ਵਿਚ ਗੇ। ਹਾਸਮ

ਬਖਤ ਬਖੀਲ ਸੱਸੀ ਦੇ ਕੌਣ ਜਿਤੇ ਕੌਣ ਹਾਰੇ ॥੧੨॥ ਸ਼ਾਹ ਦਰਬਾਰ ਕਹਿਆ ਝਬ ਆਖੇ ਕਹੇ ਜੁਬਾਬ ਕੀ ਆਵੇ। ਅਰਜ ਕੀਤੀ ਦਰਬਾਰ ਤੁਸਾਂ ਦੇ ਸੁਖਨ ਨਾ ਕੀਤਾ ਜਾਵੇ। ਰਾਸਤ ਜ਼ੁਬਾਨ ਨਾ ਹੋਵੇ ਕੋਈ ਝੂਠ ਈਮਾਨ ਜਲਾਵੇ। ਹਾਸ਼ਮ ਕਰਨ ਲੁਕਾਉ ਬਥੇਰਾ ਪਰ ਹੋਣੀ ਕੌਣ ਮਿਟਾਵੇ ॥੧੩॥ ਓੜਕ ਖੋਫ ਉਤਾਰ ਨਜੂਮੀ ਬਾਤ ਕਰੀ ਮਨ ਭਾਨੀ। ਕਾਮਲ ਇਸ਼ਕ ਸੱਸੀ ਤਨ ਹੋਸੀ ਜਬ ਹੋਗ ਜੁਆਨ ਸਿਆਨੀ। ਮਸਤ ਬਿਹੋਸ਼ ਥਲਾਂ ਵਿਚ ਮਰਸੀ ਦਰਦ ਫਿਰਾਕ ਰੰਝਾਣੀ ਹਾਸ਼ਮ ਦਾਗ ਲਗਾ ਉਸ ਕੁਲਨੂੰ ਜਗ ਵਿਚ ਹੋਗ ਕਹਾਣੀ ॥੧੪॥ ਸੁਣ ਦਿਲਗੀਰ ਹੋਇਆ ਦਿਲ ਬਗੀਆਂ ਮਾਂ ਪਿਓ ਖਸ ਕਬੀਲਾ। ਆਤਸ ਚਮਕ ਉਠੀ ਹਰ ਦਿਲ ਨੂੰ ਜਿਉਂ ਕਰ ਤੇਲ ਰਤੀਲਾ। ਖੁਸ਼ੀ ਖਰਾਬ ਹੋਈ ਵਿਚ ਜਮ ਦੇ ਜ਼ਰਦ ਹੋਇਆ ਰੰਗ ਪੀਲਾ। ਹਾਸ਼ਮ ਬੈਠ ਦਨਾਇ ਸਿਆਣੇ ਹੋਰ ਵਿਚਾਰਨ ਹੀਲਾ ॥੧੫॥ ਬੇ-ਉਮੈਦ ਹੋਇਆ ਹੱਥ ਧੋਤੇ ਬਾਪ ਉਦ ਉਲਾਦੋਂ। ਜ਼ਾਲਮ ਰੂਪ ਹੋਇਆ ਦਿਲ ਉਸ ਦਾ ਭਜਾ ਰੂਪ ਜਲਾਦੋਂ। ਨੰਗ ਨਮੂਜ ਮੇਰਾ ਕੀ ਹੋਵਸ ਏਨ ਪਲੀਤ ਉਲਾਦੋਂ। ਫੇਰ ਖਬਰ ਕਰੇ ਫੁਰਮਾਇਆ ਫਹਗ ਹੋ ਫਸਾਦੋਂ ॥੧੬॥ ਕਹਿਆ ਮਜ਼ੀਰ ਕੀ ਦੋਸ਼ ਸੱਸੀ ਨੂੰ ਲਿਖਿਆ ਲੇਖ ਕਹਾਣੀ। ਬਤ ਕਸੀਰ ਕਰਾਵਨ ਬੇਟੀ ਨਾਸ ਹੋਵੇ ਕੁਲ ਸਾਰੀ। ਇਸ ਸੇ ਪਾਪ ਹੀ ਹੋਰ ਵਧੇਰੇ ਕੌਣ ਹੋਵੇ ਹਤਿਆਰੀ। ਹਾਸ਼ਮ ਪਾਇ ਸੰਦੂਕ ਰੁੜਾਇਓ ਮੂਲੋਂ ਜਦ ਕਦ ਖੁਆਰੀ॥੧੭॥ਫਰਸ਼ ਜ਼ਮੀਨ ਤੇ ਹਰ ਇਕ ਤਾਈਂ ਮਾਂ ਪਿਓ ਬਹੁਤ ਪਿਆਰਾ। ਸੋ ਬਿਰ ਆਪ ਰੁੜਾਵਨ ਉਸਨੂੰ ਦੇਖ ਗੁਨਾਹ ਨਕਾਰਾ। ਧੰਨ ਓਹ ਸਾਹਿਬ ਸਿਰਜਨਹਾਰ ਐਬ ਛੁਪਾਵਨ ਹਾਰਾ। ਹਾਸ਼ਮ ਜੇ ਓਹ ਕਰੇ ਅਦਾਲਤ ਕੌਣ ਕਰੇ ਨਿਸਤਾਰਾ ।੧੮। ਵਾਹ ਕਮਾਲ ਨਸੀਬ ਸੱਸੀ ਦੇ ਨਾਮ ਲਿਆ ਦਿਲ ਡਰਦਾ। ਤਖਤੋਂ ਜਾ ਸੁਟੇ ਸੁਲਤਾਨ ਫੇਰ ਪਵੇ ਦਰ ਦਰ ਦਾ। ਫੇਰ ਗਰੀਬ ਨਾ ਕਾਬਲ ਜਾਂਚਾ ਜਿਮੀਂ ਸਿਰ ਧਰਦਾ। ਹਾਸ਼ਮ ਜਾ ਨਾ ਬੋਲਣ

ਵਾਲੀ ਜੋ ਚਾਹੇ ਹੋ ਸਕਦਾ। ੧੯। ਜਿਸ ਉਸਤਾਦ ਸੰਦੂਕ ਸੱਸੀ ਦਾ ਘੜਿਆ ਨਾਲ ਕਹਿਰ ਦੇ। ਅਫਲਾਤੂੰ ਹੋਰ ਅਰਸਤੂ ਜਹੇ ਹੋਣ ਸ਼ਾਗਿਰਦ ਉਮਰ ਦੇ। ਜੀਨਤ ਜੈਣ ਸਿਖਨ ਕਸ ਉਸਦੀ ਦਿਲਬਰ ਚੀਨ ਮਿਸਰ ਦੇ। ਹਾਸ਼ਮ ਦੇਖ ਉਸ ਜ਼ਖਾਸ਼ ਕਿਦੇਰ ਸਾਹਿਬ ਅਕਲ ਫਿਕਰ ਦੇ। ੨੦। ਚੰਨਣ ਸਾਥ ਮੰਗਾ ਕਿਦਾਹੋਂ ਬੇ ਕਾਰੀਗਰ ਘੜਿਆ। ਬੂਟਾ ਵੇਲ ਸੁਨਹਿਰੀ ਕਰਕੇ ਲਾਲ ਜਵਾਹਰ ਜੜਿਆ। ਪਾ ਜੰਜੀਰ ਚੁਫੇਰ ਪਿੰਜਰ ਨੂੰ ਏਠ ਬੇਦਰਦਾਂ ਘੜਿਆ। ਹਾਸ਼ਮ ਦੇਖ ਤਲਵਟਾ ਹੁੰਦੀ ਆਨ ਦੁਖਾਂ ਲੜ ਫੜਿਆ।੨੧। ਕਰ ਤਦਬੀਰ ਕੀਤੇ ਤਿੰਨ ਛਾਦੇ ਖਰਚ ਦਿਤਾ ਕਰਨਾਲੇ। ਤਿਸ ਦੀ ਮਿਲਕ ਹੋਣਾ ਇਕ ਛਾਂਦਾ ਸ਼ੀਰ ਪਾਲਵਨ ਵਾਲੇ। ਦੂਜਾ ਦਾਜ ਦਹੇਜ ਸੱਸੀ ਨੂੰ ਹੋਰ ਪੜ੍ਹਾਵਨ ਨਾਲ। ਹਾਸ਼ਮ ਲਿਖ ਤਵੀਜ ਹਕੀਕਤ ਹਰਫ ਸੀਸ ਗਲ ਡਾਲੇ। ੨੨। ਪਾ ਸੰਦੂਕ ਰੁੜ੍ਹਾ ਸਸੀ ਨੂੰ ਨੂਰ ਤੂਫਾਨ ਵਗਾਂਦਾ। ਬਾਸ਼ਕ ਨਾਗ ਨਾ ਹੱਸ ਲਿਆਵਨ ਧੌਲ ਪਨਾਹ ਮੰਗੇਂਦਾ। ਪਾਰ ਉਰਾਰ ਬਲਾਈਂ ਫਿਰਸ਼ੀਆਂ ਬਰਿਲ ਰਹੇ ਦੇਵਾਂਦਾ।ਹਾਸ਼ਮ ਦੇਖ ਨਸੀਬ ਸਸੀ ਦਾ ਹੋਰ ਕੀ ਕੁਝ ਕਰੇਂਦਾ।੨੩। ਟੁਰਿਆ ਤੋੜ ਜੰਜ਼ੀਰ ਸਿਦਕ ਦਾ ਚਾਈਆਂ ਰਿਜ਼ਕ ਮੁਹਾਰਾ। ਗਰਦਸ਼ ਫਲਕ ਹੋਇਆ ਸਰਜਰਦਾ ਬਾਝ ਮਲਾਹ ਕਹਾਰਾ। ਸੂਰਜ ਤੇਜ ਹੋਇਆ ਜਲ ਖੂਨੀ ਲੈਣ ਲਗਾ ਚਮਕਾਰਾਂ। ਹਾਸ਼ਮ ਦੇਖ ਸਸੀ ਵਿਚ ਘਰੀ ਦੁਸ਼ਮਨ ਲੱਖ ਹਜ਼ਾਰਾਂ।੨੪। ਆਦਮ ਖੋਰ ਜਾਨਵਰ ਜਲ ਦੇ ਰਾਕਸ਼ ਰੂਪ ਮਰਾਸੀ। ਮਗਰ ਮਛ ਕਛੂ ਜਲ ਹੋੜੇ ਨਾਗ ਸਿਸਾਰ ਬਲਾਈਂ। ਤੰਦੂਏ ਕਹਿਰ ਜੰਬਰ ਵਾਲੇ ਲਾਵਨ ਜ਼ੋਰ ਤਾਈਂ ਹਾਸ਼ਮ ਮਗਰ ਸੱਸੀ ਵਿਚ ਥਲ ਦੇ ਮਰਸੀ ਕੌਣ ਇਥਾਈਂ ॥੨੫॥ ਘੁਮਰ ਘੇਰ ਚੁਫੇਰ ਕਰ ਕਰ ਠਾਠਾਂ ਲੈਣ ਕਲਾਵੇ। ਲਹਿਰਾਂ ਜ਼ੋਰ ਕਰਨ ਹਰ ਤਰਫੋਂ ਇਕ ਆਵੇ ਇਕ ਜਾਵੇ। ਸੂਰਤ ਸਮਸ ਸੰਦੂਕ ਜੜਾਊ ਬਿਜਲੀ ਚਮਕ ਡਰਾਵੇ

ਹਾਸ਼ਮ ਸ਼ਾਹ ਜਿਵੇਂ ਕਨਿਆਈ ਵੇਖ ਸੰਦੂਕ ਛਪਾਵੇ ॥ ੨੬ ॥
ਸ਼ਹਿਰੋਂ ਬਾਹਰ ਕੁਪੇਤਨ ਧੋਬੀ ਧੋਂਦਾ ਨਦੀ ਕਿਨਾਰੇ। ਅਤਾ
ਨਾਮ ਮਿਸਾਲ ਫਿਰਸ਼ਤਾ ਬਜ਼ੁਰਗ ਭੀਨੇ ਕਬਤਾਰੇ। ਡਿਠਾ ਓਸ
ਸੰਦੂਕ ਦੁਰਾਡਾ ਦਿਲ ਵਿਚ ਖੋਫ ਉਤਾਰੇ।ਹਾਸ਼ਮ ਗਏ ਉਸ ਹੋਸ਼
ਦਿਮਾਗੋ ਵੇਖ ਸੰਦੂਕ ਸਤਾਰੇ ॥ ੨੭ ॥ ਕਰੇ ਖਿਆਲ ਜਹਾਵਰ
ਖਾਨਾ ਯਾ ਪਈ ਆਨ ਤਬਾਹੀ। ਯਾ ਕੋਈ ਆਫਤ ਰੁੜ੍ਹੀ ਪਹਾੜੋਂ
ਯਾ ਇਸਰਾਰ ਇਲਾਹੀ। ਵਖਫ਼ ਟੇਦਾਰ ਹੋਯਾ ਤਦ ਉਸ ਦਾ
ਦਿਤੀ ਲੇਖ ਗਵਾਹੀ।ਹਾਸ਼ਮ ਜਾਪਿਆ ਜਲ ਡੂੰਘੇ ਹੋ ਦਿਲਦਾਰ
ਸਿਪਾਹੀ ॥ ੨੮ ॥ ਅਤੇ ਖੂਬ ਕੀਤੀ ਜਿਦ ਬਾਜੀ ਲਿਆ ਸੰਦੂਕ
ਕਿਨਾਰ। ਬਹੁਤ ਹੋਯਾ ਦਿਲਸ਼ਾਦ ਖੁਦਾ ਵਲ ਨਿਆਮਤ ਸ਼ੁਕਰ
ਗੁਜ਼ਾਰੇ ਵੜਿਆ ਸ਼ਹਿਰ ਮੁਬਾਰਕ ਦੇਵਨ ਰਲ ਮਿਲ ਯਾਰ
ਪਿਆਰੇ। ਹਾਸ਼ਮ ਮਾਲ ਲਿਆ ਮੈਰ ਦੂਜਾ ਹੋਯਾ ਸਵਾਬ ਵਿਹਾਰੇ।
੨੯ ॥ ਖੁਲ੍ਹੇ ਆਨ ਨਸੀਬ ਅੱਤੇ ਦੇ ਕਰਮ ਭਲੇ ਦਿਨ ਆਏ।
ਜੜਤ ਮੁਹਲਤ ਸਰ ਕੇ ਸ਼ੌਕਤ ਸ਼ਾਨ ਬਣਾਏ। ਖਿਦਮਤ ਗਾਰ
ਗੁਲਾਮ ਸੱਸੀ ਦੇ ਨੌਕਰ ਚਾ ਰਖਾਏ। ਹਾਸ਼ਮ ਬਾਗ ਸ਼ੁਕੇ ਰਬ
ਚਾਹੇ ਪਲ ਵਿਚ ਹਰੇ ਕਰਾਏ ॥ ੩੦ ॥ ਸਸੀ ਹੋਈ ਜਵਾਨ
ਸਿਆਣੀ ਸੂਰਤ ਖੂਬ ਸਫਾਈ। ਸਾਹਿਬ ਇਲਮ ਯਾ ਹਲੀਮੀ
ਅਕਲ ਹੁਨਰ ਚਤੁਰਈ। ਮਾਂ ਪਿਓ ਵੇਖ ਕਾਰੀਗਰ ਕੋਈ ਚਾਹੁਣ
ਕੀਤੀ ਕੁੜਮਾਈ। ਹਾਸ਼ਮ ਸੁਣੀ ਸਸੀ ਮਸਲਹਤ ਹੈਰਤ ਹੋਈ
ਸਵਾਈ। ੩੧। ਬਣ ਤਣ ਪੌਚ ਪੰਚਾਇਤ ਧੋਬੀ ਪਾਸ ਅੱਤੇ ਦੇ
ਆਵਨ। ਕਰਤ ਮਸੀਲ ਵਿਹਾਰ ਜਗਤਦਾਬਾਤਮਹੇਸ ਚਲਾਵਨ।
ਧੀਆਂ ਸੋਹਣ ਨਾ ਘਰ ਮਾਪਿਆਂ ਜੇ ਲਖ ਰਾਜ ਕਮਾਵਨ।
ਹਾਸ਼ਮ ਵਾਂਗ ਬੁਝਾਰਤ ਧੋਬੀ ਬਾਤ ਸੱਸੀ ਵਲ ਲਾਵਨ। ੩੨।
ਪਿਓ ਸਸੀ ਦਾ ਕੋਲ ਸਸੀ ਦੇ ਇਕ ਦਿਨ ਇਹ ਗਲ ਛੇੜੇ।
ਆਖ ਬਚੀ ਤੂੰ ਬਾਲਕ ਹੋਈਓਂ ਵਾਂਗ ਤੇਰੀ ਹਥ ਤੇਰੇ। ਧੋਬੀ

ਜ਼ਾਤ ਉਹ ਘਰ ਆਵਨ ਫਿਰ ਫਿਰ ਜਾਨ ਏਥੇਰੇ। ਹਾਸ਼ਮ ਕੌਣ ਤੇਰੇ ਮਨ ਭਾਵੇ ਆਖ ਸੁਨਾ ਸਵੇਰੇ ।੩੩। ਸੱਸੀ ਮੂਲ ਜਵਾਬ ਨਾ ਕੀਤਾ ਮਾਂ ਪਿਓ ਤੋਂ ਸ਼ਰਮਾਂਦੀ। ਦਿਲ ਵਿਚ ਫਿਰ ਲੱਗੀ ਉਹ ਸੋਚਨ ਲੇਖ ਲਿਖੀ ਕਰਮਾਂਦੀ। ਢੂੰਡਨ ਸਾਉ ਜੋਹੜੇ ਆਏ ਮੈਂ ਬੇਟੀ ਬਾਦਸ਼ਾਹ ਦੀ। ਹਾਸ਼ਮ ਫਿਰ ਉਹ ਨਾਮ ਨਾ ਲੇਵਨ ਵੇਖ ਸੱਸੀ ਫਰਮਾਂਦੀ ॥ ੩੪ ॥

ਧੋਬੀਆਂ ਦੀ ਬਾਦਸ਼ਾਹ ਅਗੇ ਫਰਿਆਦ ਕਰਨੀ

ਸਰੀਕਤ ਨਾਲ ਸਰੀਰ ਅਤੇ ਦਾ ਬੜਾ ਬਖੀਲ ਫਸਾਦੀ, ਪਾਸ ਭੰਬੋਰ ਸ਼ਹਿਰ ਦੇ ਵਾਲੀ ਜਾ ਹੋਏ ਫਰਯਾਦੀ। ਹੋਈ ਜਵਾਲ ਅੱਤੇ ਘਰ ਬੇਟੀ ਸੂਰਤ ਸ਼ਕਲ ਸ਼ਹਿਜ਼ਾਦੀ। ਹਾਸ਼ਮ ਕਹਿਆ ਪੁਕਾਰ ਬਖੀਲਾ ਲਾਇਕ ਓਹ ਤੁਸਾਡੀ ॥ ੩੫॥ ਭੇਜਿਆ ਨਫਰ ਗੁਲਾਮ ਅੱਤੇ ਨੂੰ ਆਦਮ ਜਾਮ ਬੁਲਾਯਾਂ। ਸੱਸੀ ਖੋਹਲ ਤਾਂਵੀਜ਼ ਗਲੇ ਦਾਂ ਸ਼ਾਹ ਹਜ਼ੂਰ ਪੁਚਾਯਾਂ। ਕਾਗਜ਼ ਵਾਚ ਪਛਾਤਾਂ ਸ਼ਾਹ ਨੇ ਜੋ ਸੰਦੂਕ ਰੁੜ੍ਹਾਯਾਂ। ਹਾਸ਼ਮ ਵੇਖ ਹੋਇਆ ਸ਼ਰਮਿੰਦਾ ਆਦਮ ਜਾਮਸਵਾਯਾ ॥੩੬॥ਲੋਹੂ ਗਰਮ ਹੋਇਆ ਦਿਲਬਰੀਆਂ ਫੇਰ ਔਲਾਦ ਪਿਆਰੀ ਮਾਂ ਪਿਓ ਨਾਲ ਸੱਸੀ ਦੇ ਚਾਹਨ ਕੀ ਕੀ ਬਾਤ ਇਕ ਵਾਰੀ। ਸਸੀ ਮੋੜ ਜਵਾਬ ਦਿਤੇ ਨੇ ਖੋਹਲ ਹਕੀਕਤ ਸਾਰੀ। ਹਾਸ਼ਮ ਮਿਲਣ ਹਰਾਮ ਤੁਸਾਂ ਨੂੰ ਰੋਹੜ ਦਿਤੀ ਇਕ ਵਾਰੀ ।੩੭। ਮਾਂ ਫਿਰਾਕ ਸੱਸੀ ਦੇ ਮਾਰੇ ਨੀਂਦ ਅਰਾਮ ਨਾ ਆਵੇ। ਹਰਦਮਵਾਂਗ ਯਕੂਬ ਪੈਗੰਬਰ ਰੋ ਰੋ ਹਾਲ ਵਞਾਵੇ। ਕਰੇ ਸਵਾਲ ਯਾਦ ਕਰੇ ਘਰ ਬੁਰਿਆ ਰੋਜ ਸਸੀ ਘਰ ਆਵੇ ਹਾਸ਼ਮ ਯਾਰ ਸੰਦੂਕ ਸਸੀ ਨੂੰ ਖਾਤਰ ਮੂਲ ਨਾ ਲਿਆਵੇ ॥ ੩੮ ॥ ਜਲ ਥਲ ਮਸਰਕ ਮਗਰ ਬਾਹਰ ਸੋ ਜਿਸ ਦਾਂ ਨਾਮ ਧਿਆਵੇ। ਸਾਂਹਿਬ ਕੁਦਰਤ ਅਪਰ ਅਪਾਰ ਕਿਸ ਨੂੰ ਆਖ ਸੁਨਾਵੇ ॥ ਅੰਤ ਨਾ ਪਾਰਾਵਾਰ ਹੈ ਤਿਸਦਾ ਕਿਆ ਕੁਝ ਹੋਰ ਸਮਾਵੇ। ਹਾਸ਼ਮ ਫੇਰ ਸਸੀ ਨੂੰ ਮਿਲਸਾਂ ਖਾਤਰ

ਨਾ ਲਿਆਵੇ ।੩੯। ਸ਼ਹਿਰ ਭੰਬੋਰ ਸੌਦਾਗਰ ਜਾਂਦਾ ਗਜਨੀ ਨਾਮ ਸਦਾਵੇ। ਸਾਹਿਬ ਸ਼ੌਂਕ ਇਮਾਰਤ ਤਾਜ਼ੀ ਬਾਗ ਹਮੇਸ਼ ਬਨਾਵੇ। ਤਿਸ ਵਿਚ ਹਰ ਬਾਦਸ਼ਾਹ ਮੁਲਕ ਦੀ ਕਰ ਤਸਵੀਰ ਲਗਾਵੇ। ਹਾਸ਼ਮ ਹਰ ਇਕ ਆਪ ਮੁਸਵਰ ਜਬਰਾਈਲ ਕਹਾਵੇ ।੪੦। ਸਸੀ ਸੁਣੇ ਤਾਰੀਫ ਹਮੇਸ਼ਾਂ ਲਾਇਕ ਮੁਸਕ ਖੁਤਨ ਦੀ।ਇਕ ਦਿਨ ਨਾਲ ਹਯਾ ਉਠ ਦੌੜੀ ਖਾਤਰ ਸੈਰ ਚਮਨ ਦੀ। ਦੇਖਿਆ ਨਕਸ਼ ਨਗਾਰ ਖਲੋਤਾ ਸੂਰਤ ਸੀਸ ਬਦਨ ਦੀ। ਹਾਸ਼ਮ ਵੇਖ ਹੋਈ ਦਿਲ ਘਾਇਲ ਵਾਂਗੂ ਕੋਹ ਸਕਨ ਦੀ ॥੪੧॥

ਸੱਸੀ ਦਾ ਨਨਾਣ ਨੂੰ ਬੁਲਾਕੇ ਪਤਾ ਪੁਛਣਾ

ਸਸੀ ਕਹਿਆ ਬੁਲਾ ਮੁਸੱਵਰ ਸ਼ਾਬਾਸ਼ਵੀਰਭਰਾਓ ਜਿਸਸੂਰਤਦੀ ਮੂਰਤ ਕੀਤੀਮੈਨੂੰ ਆਖ ਸੁਣਾਓ। ਕੇਹੜਾਂ ਸ਼ਹਿਰ ਕੌਣ ਸ਼ਹਜ਼ਾਂਦਾ ਠੀਕ ਪਤਾਂ ਦਸ ਦਿਉ, ਹਾਂਸ਼ਮ ਫੇਰ ਸਸੀ ਹਥ ਜੋੜੇ ਥਾਂ ਮਕਾਨ ਬਤਾਓ ॥੪੨॥ ਕੀਚਮ ਸ਼ਹਿਰ ਵਲਾਇਤ ਬਲ ਦੀ ਹੋਤ ਅਲੀ ਤਿਸ ਵਾਲੀ। ਜਿਸ ਦਾ ਪੁਤ ਪੁੰਨੂੰ ਸ਼ਹਜ਼ਾਦਾਂ ਅੰਬ ਸਵਾਬੋਂ ਖਾਂਲੀ। ਸੂਰਤ ਓਸ ਹਿਸਾਂਬੋਂ ਬਾਹਿਰ ਸਿਫਤ ਖੁਦਾਂਵੰਦਾਂ ਵਾਂਲੀ ਹਾਂਸ਼ਮ ਅਰਜ਼ਕੀਤੀ ਉਸਤਾਦਾਂ ਚਿੰਨਗ ਕਖਾਂ ਵਿਚ ਡਾਂਲੀ ।੪੩। ਹੋ ਦਿਲ ਘਾਇਲ ਨਾਲ ਸਯਾਂ ਦੇ ਫੇਰ ਸਸੀ ਘਰ ਆਈ। ਨੀਂਦ ਭੁਖ ਜ਼ੁਲੈਖਾਂ ਵਾਂਗੂ ਪਹਿਲੋਂ ਰੋਜ਼ ਵੰਞਾਈ। ਵੇਖ ਅਹਿਵਾਲ ਹੋਈ ਦਰਮਾਦੀ ਪੁਛਿਆ ਉਸਕੇ ਮਾਂਈ। ਹਾਂਸ਼ਮ ਬਾਝ ਕੁਨੀ ਤਲਵਾਰੋਂ ਜਾਲਮ ਇਸ਼ਕ ਕਸਾਈ ॥ ੪੪ ॥ ਦਿਲ ਵਿਚ ਸ਼ੌਂਕ ਫਿਰਾਂਕ ਪੁੰਨੂੰ ਦਾ ਰੋਜ ਅਲੰਬਾਂ ਬਾਂਲੇ। ਬਿਰਹੋਂ ਮੂਲ ਅਰਾਮ ਨਾ ਦੇਂਦਾ ਵਾਂਗ ਚਿਖਾਂ ਨਿਤ ਜਾਂਲੇ। ਆਂਤਸ਼ ਆਂਪ ਆਪੇ ਸੇਵਨਜਦ ਪੀਤੇ ਪਰੇਮ ਪਿਆਲੇ ॥੪੫॥

ਸੱਸੀ ਨੇ ਬਾਪ ਪਾਸੋਂ ਘਾਟ ਲੈ ਕੇ ਚੌਂਕੀਦਾਰ ਬਨਾਣਾ

ਦਿਲ ਡਾਢੇ ਸਸੀ ਕਰ ਦਾਣਸ ਇਕ ਤਦਬੀਰ ਬਣਾਈ। ਪਤਨ

ਘਾਟ ਲਏ ਸਭ ਪਿਓ ਥੀਂ ਚੌਂਕੀ ਚਾ ਬਹਾਈ। ਪਾਂਧੀ ਰਾਹ ਮੁਸਾਫਰ ਕੋਈ ਆਵੇ ਏਸ ਨਿਵਾਈ। ਹਾਸ਼ਮ ਪਾਰ ਉਰਾਰ ਨਾਂ ਜਾਵੇ ਮੈਂ ਬਿਨ ਖਬਰ ਪੁਚ ਈ। ੪੫। ਬਰਸ ਹੋਯਾ ਜਦ ਫੇਰ ਸੱਸੀ ਨੂੰ ਮੇਹਨਤ ਬੇਹਦ ਉਠਾਏ। ਕੀਚ ਵਲੋਂ ਰਲ ਮਾਲ ਵਿਹਾਂਜਨ ਉਠ ਸੁਦਾਗਰ ਆਏ। ਸੂਰਤ ਨਾ ਜਨਿਆਜ਼ ਬਲੋਚਾਂ ਵੇਖ ਪਰੀ ਭੁਲ ਜਾਏ ਹਾਸ਼ਮ ਵੇਖ ਬਲੋਚ ਜ਼ੁਲੈਖਾਂ ਯੂਸਫ ਚਾ ਭੁਲਾਏ॥ ੪੬॥

ਨੋਕਰ ਨੇ ਸੱਸੀ ਨੂੰ ਖਬਰ ਦੇਣੀ

ਕਹਿਆ ਆਣ ਗੁਲਾਮ ਸਸੀ ਨੂੰ ਨਾਲ ਜ਼ਬਾਨ ਪਿਆਰੀ। ਘਾਟ ਉਤੇ ਇਕ ਰਾਹ ਮੁਸਾਫਰ ਉਤਰੇ ਆਨ ਵਪਾਰੀ। ਕੀਚ ਵਲੋਂ ਰਲ ਆਖਣ ਆਏ ਊਠ ਬੇਅੰਤ ਸ਼ੁਮਾਰੀ। ਹਾਸ਼ਮ ਤੋਰ ਲਿਬਾਸ ਭਰਾਵਾਂ ਹਰ ਹਰ ਚਾਲ ਨਿਆਰੀ॥੪੭॥ ਸੱਸੀ ਸਖਤ ਗਮੀ ਵਿਚ ਦਰਦ ਫਿਰਾਕ ਰੰਞਾਨੇ। ਨਾ ਕੁਝ ਸੂਰਤ ਆਵਾਜ਼ ਨਾ ਦੇਂਦੀ ਨਾ ਕੁਝ ਹੋਸ਼ ਟਿਕਾਨੇ। ਤੂਹ ਰੂਹਾਂ ਵਿਚ ਫਿਰੇ ਸੱਸੀ ਦਾ ਮਲ ਕਲ ਮੌਤ ਨਿਸ਼ਾਨੀ। ਹਾਸ਼ਮ ਮੇਲ ਬਲੋਚ ਸੱਸੀ ਨੂੰ ਫੇਰ ਦਿਤੀ ਜ਼ਿੰਦਗਾਨੀ॥ ੪੮॥

ਸਸੀ ਦਾ ਸੁਰਤ ਵਿਚ ਆਉਣਾ

ਸੁਣੀ ਅਵਾਜ਼ ਸੱਸੀ ਉਠ ਬੈਠੀ ਸੁਰਤ ਸਰੀਰ ਸੰਭਾਲੀ। ਮਿਸਲ ਅਨਾਰ ਹੋਏ ਰਖ ਸਾਰ ਫੇਰ ਫਿਰੀ ਲਭ ਲਾਲੀ। ਹਾਰ ਸ਼ਿੰਗਾਰ ਲਗੇ ਮਨ ਭਾਵਨ ਖੂਬ ਹੋਈ ਖੁਸ਼ਹਾਲੀ ਹਾਸ਼ਮ ਆਖ ਤਰੀਫ ਬਲੋਚਾਂ ਆਬਹਯਾਤ ਪਿਆਲੀ॥ ੪੯॥ ਸ਼ਹਿਰ ਉਤਾਰ ਬਲੋਚ ਸੱਸੀ ਨੂੰ ਖਿਦਮਤ ਖੂਬ ਕਰਾਈ। ਹਾਲ ਹਕੀਕਤ ਪੁਨੂੰ ਵਾਲੀ ਪਾਸ ਬਿਠਾਲ ਪੁਛਾਈ ਖਾਤਰ ਵੇਖ ਕਹਿਓ ਨੇ ਸਾਡਾ ਹੋਤ ਪੁੰਨੂੰ ਹੈ ਭਾਈ ਹਾਸ਼ਮ ਬਲੋਚਾਂ ਸੂਰਮਤ ਆਨ ਦਿਖਾਈ॥ ੫੦॥ ਸੱਸੀ ਸਮਝ ਭਰਾ ਪੁੰਨੂੰ ਦੇ ਕੈਦ ਬਲੋਚ ਕਰਾਏ। ਹੁਣ ਖਾਲਸ ਜਾਨ

ਮੁਹਾਲ ਹੋਏ ਨੇ ਹੋਤ ਪੁਨੂੰ ਕਿਨ ਆਏ। ਏਲ ਪਿਛੇ ਪਛਤਾਵਨ ਸ਼ਾਮਤ ਆਨ ਫਸਾਏ ਹਾਸ਼ਮ ਬਾਝ ਵਕੀਲੋਂ ਕਾਮਲ ਫਸਿਆਂ ਕੌਣ ਛੁੜਾਏ।੫੧॥ ਦੋ ਸਰਤਾਨ ਆਹੇ ਕਰਵਾਨੀ ਹਫਤ ਹਜ਼ਾਰ ਸਤਰ ਦੇ ਬਬਨ ਨਾਮ ਬਬੀਆਂ ਦੇਵੇ ਬੈਠ ਅੰਦੇਸਾ ਕਰਦੇ ਪੁੰਨੂੰ ਬਾਝ ਨਹੀਂ ਛੁਟਕਾਰਾ ਜੋਹੇਜ ਦੇਈਏ ਭਰ ਜਰਦੇ ਹਸਮ ਜ਼ੋਰ ਕੇਹਾ ਪਰ ਮੁਲਕੀ ਜੋ ਹੋਏ ਵਿਚ ਘਰ ਦੇ।੫੨। ਉਛਣ ਖਟੋਲਾ ਨਾਮ ਘੋੜੇ ਦਾ ਨਾਲ ਕੀਤਾ ਹਮਰਾਹੀ। ਜਿਉਂ ਜਿਉਂ ਬਹੁਤ ਪਵੇ ਵਿਚ ਮੰਜ਼ਲ ਤਿਉਂ ਤਿਉਂ ਚਲ ਸਵਾਈ। ਹੌਲਾ ਚਾਰ ਚਲੇ ਕਰਵਾਨੇ ਕੀ ਕੀ ਬੰਨ ਬੰਨਾਈ। ਹਾਸ਼ਮ ਉਹ ਪੁੰਨੂੰ ਪਰ ਆਸ਼ਕ ਆਹਾ ਸ਼ੌਕ ਇਲਾਹੀ।੫੩॥ ਕੀਚਨ ਸ਼ਹਿਰ ਗਏ ਕਰਵਾਨੇ ਹੋਤ ਅਲੀ ਦਰਬਾਰੇ। ਰੋਵਣ ਕੂਕ ਸੁਨੰਵਨ ਹਾਲਤ ਜਾਂ ਬਲੋਚ ਪੁਕਾਰੇ ਸ਼ਹਿਰ ਭੰਬੋਰ ਬਲੋਚ ਸੱਸੀ ਨੇ ਕੈਦ ਕੀਤੇ ਵਲ ਸਾਰੇ। ਹਾਸ਼ਮ ਬਾਝ ਪੁਨੂੰ ਨਹੀਂ ਛੁਟਦੇ ਕੈਦ ਕੀਤੇ ਰਹਿਣ ਜੁਗਚਾਰੇ।੫੪। ਹੋਤ ਅਲੀ ਹੁਣ ਹਾਲ ਸੱਸੀ ਦਾ ਪੁਛਿਆ ਬੈਠ ਦੀਵਾਨਾ। ਨਾ ਕੁਝ ਪੇਸ਼ ਹਕੂਮਤ ਜਾਏ ਨਾ ਕੁਝ ਕਾਰ ਖਜਾਨਾ।ਪੁਛਣ ਹਾਲ ਮੁਹਾਲ ਹੋਇਓ ਨੇ ਮੁਲਕ ਬਦੇਸ ਬਗਾਨਾ। ਹਾਸ਼ਮ ਕੌਣ ਸ਼ਹਜ਼ਾਦਿਆਂ ਟੋਰੇ ਆਖ ਪਿਛੇ ਕਰਵਾਨਾ।੫੫। ਬਹੁਤ ਬਜਾਰ ਹੋਈ ਗਲ ਸੁਣ ਕੇ ਹੋਤ ਪੁਨੂੰ ਦੀ ਮਾਈ॥ ਕੌਣ ਕੋਈ ਤਨ ਲਾ ਬੁਝਾਵੇ ਆਤਸ ਚਾ ਪਰਾਈ। ਕੌਣ ਬਲੋਚ ਪੁਨੂੰ ਦੇ ਸਿਰ ਤੋਂ ਵਾਰ ਸੁਟਾਂ ਬਾਦਸ਼ਾਹੀ ਹਾਸ਼ਮ ਬਾਝ ਪੁਨੂੰ ਵਿਚ ਦੁਨੀਆਂ ਹੋਰ ਮੁਰਾਦ ਨਾਕਾਈ।।੫੬॥ ਸਾਫ ਜਵਾਬ ਮਿਲਿਆ ਕਰਵਾਨਾ ਫੇਰ ਪਨੂੰ ਵਲ ਆਏ, ਸੂਰਤ ਨੱਕ ਸਗਾਹ ਸੱਸੀ ਦੇ ਕਰ ਤਰੀਫ ਸੁਣਾਏ। ਘਾਇਲ ਅੰਦਰ ਇਸ਼ਕ ਤੁਹਾਡੇ ਹਰ ਦਮ ਨੀਂਦ ਨਾ ਆਏ। ਹਾਸ਼ਮ ਖਾਤਰ ਮਿਲਨ ਤੁਹਾਡੀ ਕੈਦ ਸੁਦਾਗਰ ਪਾਏ॥ ੫੭॥ ਸੁਣ ਤਾਰੀਫ ਹੋਯਾ ਦਿਲ ਬਿਰੀਆ ਵਗੀ ਵਾ ਹਰਮ ਦੀ। ਕੌਣ ਕੋਈ

ਦਿਲ ਰਹਿਸੀ ਟਿਕਾਣੇ ਵਹਿਸੀ ਤੇਗ ਅਲਗ ਦੀ॥ ਸ਼ਹਿਰ ਭੰਬੋਰ ਪੁੰਨੂੰ ਦਿਲ ਵਸਿਆ ਵਿਸਰੀ ਸੂਰਤ ਕੀਚਮ ਦੀ, ਹਾਸ਼ਮ ਵਾਲੀ ਉਠਗੀ ਰਮਕੀ ਆਤਮ ਜ਼ਰਮ ਕਰਮ ਦੀ॥ ੫੮ ॥ ਸ਼ੁਤਰ ਸਵਾਰ ਪੁਨੂੰ ਉਠ ਤੁਰਿਆ ਪੈਨ ਜੜੀਸਿਰ ਪਾਈ। ਰਾਤ ਗੁਬਾਰ ਲਿਆ ਪੁਨੂੰ ਨੂੰ ਚੋਰ ਰਲ ਕਰਧਾਈ। ਪਲਕ ਆਰਾਮਨਾ ਵਾਂਗ ਬੇ-ਸਬਰਾ ਰਿਜ਼ਕ ਨਹਾਰ ਉਠਾਈ। ਹਾਸ਼ਮ ਵੇਖਨ ਮੀਬ ਬਲੋਚਾਂ ਭੀ ਧਈ ਬੁਰਿਆਈ ॥ ੫੯ ॥ ਰਾਤ ਦਿਨੇ ਫੜ ਰਾਹ ਲਿਓ ਨੇ ਪਲਕ ਨਾਬਾਂਵਨ ਮਾਂਦੇ। ਸਖਤ ਮਿਜਾਜ ਬਲੋਚਾਂ ਵਾਲੀ ਤੁਰੇ ਨਸੀਬ ਜਿਵਾਂ ਦੇ। ਯੂਸਫ ਬਣੇ ਮਿਸਰ ਕਰਵਾਨ ਦੇਖ ਦਰਬਾਰ ਲੈ ਜਾਂਦੇ, ਹਾਸ਼ਮ ਦੇਖ ਸਾਹਾ ਦੁਖ ਪਾਂਦੇ ਸਖਤ ਜਜੀਰ ਦਿਲਾਂ ਦੇ ।੬੦। ਸ਼ਹਿਰ ਭੰਬੋਰ ਪੁੰਨੂੰ ਦੀ ਨਜ਼ਰੀ ਆਯਾ ਵਕਤ ਸਵੇਰ। ਨਾਲ ਪਿਆਰ ਕੀਤੇ ਨੇ ਖੜਿਆ ਚਿਤ ਚਲਾਕ ਵਧੇਰੇ। ਨਾਲ ਹਿਕਾਰਤ ਬਾਗ ਸਸੀ ਦੇ ਆਨੇ ਕੀਤਿਓ ਡੇਰੇ। ਹਾਸ਼ਮ ਛੱਡ ਦਿਤੇ ਵਿਚ ਸੁਰਤਾਂ ਚਰਨ ਇਰਾਕ ਚੁਫੇਰੇ ॥ ੬੧ ॥ ਬਹੁਤ ਅਜਾਇਬ ਸਰੂ ਖਲੋਤੇ ਬਾਗ ਚੁਫੇਰ ਦੀਵਾਰਾਂ। ਫਰਸ਼ ਜ਼ਮੀਨ ਜਮੁਰਦਾਂ ਆਹਾ ਸਾਬਤ ਨਕਸ ਨਗਾਰਾਂ। ਨਹਿਰਾਂ ਹੌਜ ਨੂਰਾਨੀ ਚਲ ਸਨ ਹਰ ਹਰ ਚੌਂਕ ਬਹਾਰਾਂ। ਹਾਂਸ਼ਮ ਫਿਰਤੇ ਸ਼ੇਰ ਜਨਾਵਰ ਮੋਰ ਚਕੋਰ ਹਜਾਰਾਂ ॥੬੨॥ ਘਾਇਲ ਇਸ ਖੜੇ ਗਲ ਲਾਲਾ ਨਾਲ ਲਹੂ ਮੁਖ ਧੋਤੇ। ਸੇਬ ਅੰਗੂਰ ਰਹੇ ਰਸ ਨਾਲੇ ਚੂੰਜ ਨਾ ਲਾਵਨ ਤੋਤੇ। ਕੁਮਰੀ ਕੂਕ ਕਰੇ ਸਾਯਾਦਾਂ ਸਰੂ ਅਜਾਦ ਖਲੋਤੇ। ਹਾਂਸ਼ਮ ਵੇਖ ਬਹਾਰ ਚਮਨ ਦੀ ਹੂਹ ਰਹੇ ਵਿਚ ਗੋਤੇ ।੬੩। ਕੁਝ ਬਗਦਾਦੀ ਬਲਖੀ ਉਸਤਤ ਕੁਝ ਬਖਤੀ ਕਨਿਆਈ। ਦੋਜਕ ਪਸਤਨ ਗਰਦਨ ਕੌੜੀ ਅਜਰਾਈਲ ਨਿਸ਼ਾਨੀ ਚਾਟਨ ਬਾਗ ਤੁੜਾਵਨ ਸਾਧ ਕਰਨ ਬਲੋਚ ਹੈਵਾਨੀ ਹਾਸ਼ਮ ਮਾਲ ਗੁਮਾਨ ਪੁੰਨੂੰ ਦੇ ਦੇਹ ਚੜੇ ਕਰਵਾਨੀ॥੬੪॥ ਜਾ ਓ ਕੂਕੇ ਦਰਬਾਰ ਸਸੀ ਦੇ

ਸੋਰ ਕੀਤਾ ਬਗਵਾਨਾਂ। ਬਾਗ ਵੈਰਾਨ ਹੋਇਆ ਕਲ ਸਾਰਾ ਚਾਰ ਲਿਆ ਕਰਵਾਨਾਂ ਨਾ ਉਹਖੌਫ ਖੁਦਾਦਿਓਂ ਡਰਦੇ ਖਾਵਨ ਮਾਲ ਬਿਗਾਨਾ। ਹਾਸ਼ਮ ਸ਼ਹਿਰ ਭੰਬੋਰਦੇ ਰਾਜਾਖੌਫ ਨਹੀਂ ਸੁਲਤਾਨਾ॥੬੫॥ ਸਨ ਫਰਿਆਦ ਸਸੀ ਵਿਚ ਦਿਲ ਦੇ ਅਕਲ ਖਿਆਲ ਵਿਤਾਰੇ। ਕੌਣਕਮੀਨ ਐਡ ਦਲੇਰੀਕਰਨ ਬਲੋਚਵਿਚਾਰੇ।ਸ਼ਾਇਦ ਹੋਤ ਪੁੰਨੂੰ ਵਿਚ ਹੋਸੀ ਤਈਸੇ ਕਰਨ ਪਸਾਰ। ਹਾਸ਼ਮ ਕਵਣਐਡ ਫਜੂਲੀ ਕੈਣ ਗਰੀਬ ਨਕਾਰੇ।੬੬।ਸਸੀ ਨਾਲਸਯਾਂਕਰ ਮਸਲਤ ਬਾਗ ਵਾਨੇਚਲ ਯਾਈ।ਟਹਰ ਦੇਹਥ ਸਾਂਪਚਰਾਨੀਤੇਗਨਿਸਾਲ ਸਫਾਈ। ਉਨਰ ਅਦਾਇਲ ਮਾਨ ਹੁਸਨ ਦਾ ਜਾ ਪਾਇਆਕਰ ਧਾਈ। ਹਾਸ਼ਮ ਮਾਰ ਪਈ ਕਰਵਾਨਾ ਦੇਣ ਬਲੋਚ ਦੁਹਾਈ।੬੭॥ ਰਹੇ ਤਿਆਰ ਹਮੇਸ਼ ਚਮਨ ਵਿਚ ਸੇਜ ਸਸੀ ਦੀ ਆਈ। ਕਿਰਨ ਪਲੰਗ ਰਵੇਲ ਚੰਬੇਲੀ ਮਾਲਨ ਗੁੰਦ ਵਛਾਈ। ਤਿਸ ਭੇਤ ਹੋਤ ਪੁੰਨੂੰ ਵਿਚ ਨੀਂਦਰ ਆਯਾ ਛੇਜ ਸਹਾਈ। ਹਾਸ਼ਮ ਆਸ ਮੁਰਾਦ ਸਸੀ ਦੀਸਿਦਕ ਪਿਛੋਂ ਵਰ ਆਈ॥੬੮॥ ਸਸੀ ਆਣ ਡਿਠਾ ਵਿਚ ਨੀਂਦਰ ਹੋਤ ਬੇਹੋਸ਼ ਜੋ ਖਾਬੋਂ। ਸੂਰਜ ਵਾਂਗ ਸੂਆਂ ਹੁਸਨ ਦਾ ਬਾਹਿਰ ਪੋਸ ਨਕਾਬੋਂ। ਜੇ ਲਖ ਪਾ ਸੰਦੂਕ ਛੁਪਾਇਏ ਆਵੇ ਮੁਸ਼ਕ ਗੁਲਾਬੋਂ। ਹਾਸ਼ਮ ਹੁਸਨ ਪ੍ਰੀਤਨਾਛਪਦੀ ਤਾਰਕ ਹੋਣ ਹਜਾਬੋਂ॥੬੯॥ ਸੁਣ ਫਰਿਆਦ ਬਲੋਚਾਂ ਵਾਲੀਤਾਂ ਸੁਧ ਹੋਸ਼ ਸੰਭਾਲੀ, ਵੇਖ ਹੈਰਾਨ ਹੋਯਾ ਸ਼ਾਹਜ਼ਾਦਾ ਫੌਜ ਮਹਿਬੂਬਾਂ ਵਾਲੀ। ਰੌਸ਼ਨ ਸਮਾਂ ਜਲਾਲ ਸਸੀ ਦਾ ਚਮਕ ਪਵੇ ਹਰ ਡਾਲੀ ਹਾਸ਼ਮ ਬਾਗ ਪਿਆ ਗੁਲ ਲਾਲ ਦੇਖ ਸੱਸੀ ਲਬ ਲਾਲੀ॥੭੦॥ ਵੇਖ ਦੀਦਾਰ ਹੋਏ ਤਨ ਦੋਵੇਂ ਭੀ ਓਹ ਦਰਦ ਰੰਞਾਨੇ। ਵੇਖਿਆ ਬਾਝ ਨਾ ਰਜਨ ਮੂਲੇ ਨੈਨ ਉਦਾਸ ਅਯਾਨੇ। ਸਿਕਦਿਆਂ ਯਾਰ ਮਿਲੇ ਜਿਸ ਦਿਲ ਨੂੰ ਕੀਮਤ ਕਦਰ ਪਛਾਣੇ। ਹਾਸ਼ਮ ਇਸ਼ਕ ਅਮਿਲ ਕਮਾਵਨ ਹੋਰ ਗਵਾਰ ਕੀ ਜਾਨੇ।੭੧॥ ਡਾਰ ਉਠਾਚਲੇ

ਕਰਵਾਨੇ ਟੋਰ ਦਿਤੇ ਨੇ ਡੇਰੇ ਆਖ ਰਹੇ ਚਲ ਹੋਤ ਪੁੰਨੂੰ ਨੂੰ ਜੋੜਨ ਹਥ ਬਥੇਰੇ। ਹੋ ਲਾਚਾਰ ਚਲੇ ਕਰਵਾਨੇ ਕੀਚਮਦਾਸਵੇਰੇ ਹਾਸ਼ਮ ਇਕ ਜਿਨ੍ਹਾਂ ਤਨ ਵਸਿਆ ਕੌਣ ਉਨ੍ਹਾਂ ਦਿਲ ਫੇਰੇ।੭੨।

ਬਲੋਚਾਂ ਕਾ ਪੁੰਨੂੰ ਕੇ ਪਿਓ ਨੂੰ ਖਬਰ ਕਰਨਾ

ਕੀਚਨ ਆਮ ਕਹਿਆ ਕਰਵਾਨਾ ਬਾਤ ਜਿਵੇਂ ਕੁਝ ਮਾਹੀ। ਹੋਰ ਅਸੀਸ ਸੱਸੀ ਦਿਲ ਕੀਤਾ ਜੁਲਫ ਕੰਡ ਘਤ ਫਾਹੀ, ਆਵਣ ਜਾਣ ਨਾ ਯਾਦ ਪੁੰਨੂੰ ਕੋ ਇਸ਼ਕ ਦਿਤੀ ਗੁਮਰਾਹੀ ਹਾਸ਼ਮ ਹਾਲ ਸੁਣਾ ਬਲੋਚਾ ਤੇਗ ਪਿਓ ਤਨ ਲਾਈ। ੭੩। ਟੋਰ ਅਲੀ ਇਨ ਰੋਵਣ ਧਾੜੇ ਪਲਕ ਆਰਾਮ ਨਾ ਤਿਸ ਨੂੰ। ਮੌਤ ਭਲੀ ਮਰ ਜਾਵਣ ਚੰਗੇਰਾਂ ਆਣ ਪਏ ਦੁਖ ਜਿਸਨੂੰ। ਕਾਚਮ ਨਾਰ ਜਹੰਨਮ ਕੋਲੋਂ ਤੇਜ ਹੋਇਆ ਤਪ ਤਿਸ ਨੂੰ। ਹਾਸ਼ਮ ਵਾਂਗ ਯਕੂਬ ਪੈਗੰਬਰ ਹਾਲ ਸੁਣਾਵੇ ਕਿਸ ਨੂੰ॥ ੭੪॥ ਕੀਕਮ ਲੋਗ ਫਿਰਾਕ ਪੁੰਨੂੰ ਦੇ ਰੋ ਰੋ ਹੋਣ ਦਿਵਾਨ। ਯੂਸਫ ਵੇਖ ਆਏ ਕਰਵਾਨੇ ਹਰ ਇਕ ਵਿਰਦ ਜ਼ੁਆਨ। ਖਟੇ ਵਾਲ ਸੁਟਨ ਵਿਚ ਗਲੀਆਂ ਮਹਿਲੀਂ ਸ਼ੋਰ ਜਨਾਨੇ। ਹਾਸ਼ਮ ਫੇਰ ਪੁਨੂੰ ਰਬ ਲਿਆਵੇ ਸਹੀਸਲਾਮਤ ਪਨੇ।੭੫।ਸਤਰ ਸਰੀਰ ਭਰਾ ਪੁੰਨੂੰ ਦੇ ਫੇਰ ਪੁਨੂੰ ਵਲ ਧਾਏ। ਤੇਜ਼ ਪਲਾ ਸਰਬ ਸੁਰਾਹੀ ਨਾਲ ਨਿਕਾਲ ਲਿਆਏ। ਓੜਕ ਪੇਸ਼ ਨਾ ਜਾਏ ਕੋਈ ਬਾਝ ਧ੍ਰੋਹ ਕਮਾਏ ਹਾਸ਼ਮ ਆਖੇ ਕੇਹਾ ਸੁਖ ਮੋਵਨ ਬੇਇਨਸਾਫ ਰਖਾਏ॥ ੭੬॥ ਸ਼ਹਿਰ ਭੰਬੋਰ ਭਰਾ ਪੁਨੂੰ ਦੇ ਨਾਲ ਆਏ ਰੰਗ ਰਸਦੇ। ਦਿਲ ਵਿਚ ਖੋਟ ਜ਼ਬਾਂ ਵਿਚ ਸੀਰੀ ਆਨ ਮਿਲੇ ਗਲ ਹਸਦੇ ਵਤਨੀ ਲੋਗ ਜੋ ਦੋਹੁ ਮਹਿਰਮ ਹਰਗਿਜ਼ ਭੇਦ ਨਾ ਦਸਦੇ, ਹਾਸ਼ਮ ਕਰਨ ਲੁਕਾਂ ਬਥੇਰਾ ਮਿਰਗ ਭਲਾ ਜਦ ਫਸਦੇ ॥੭੭॥ ਸੁਨ ਕਰਵਾਨ ਤੇ ਸਸੀ ਪੁੰਨੂੰ ਚੜ੍ਹਿਆਂ ਚੰਦ ਦੁਪਹਿਰੇਰਲ ਮਿਲ ਸਯਾਂ ਦੇ ਆਂਪੇ ਹਾਹਾ ਭਲੇ ਦਿਨ ਮੇਰੇ। ਇਕ ਦੋ ਚਾਰ ਹੋਏ ਵਿਚ

ਖਿਦਮਤ ਨਫਰ ਗੁਲਾਮ ਚੁਫੇਰੇ। ਹਾਸ਼ਮ ਫੇਰ ਨਾ ਸਮਝਨ ਭਾਈ
ਪਾਪ ਕਰੇਂਦੇ ਜ਼ੋਹੜੇ।੭੮। ਰਾਤ ਪਈ ਜਾਂ ਪਾਸ ਪੁੰਨੂੰ ਦੇ ਜੀਭ
ਮਿਠੀ ਦਿਲ ਕਾਲੇ। ਹੋਤ ਪੁੰਨੂੰ ਨੂੰ ਮੌਤ ਸਸੀ ਦੇ ਭਰ ਭਰ ਦੇਣ
ਪਿਆਲੇ। ਉਹ ਕੀ ਜਾਨਣ ਸਾਰ ਇਸ਼ਕ ਦੀ ਊਠ ਚਰਾਵਨ
ਵਾਲੇ। ਹਾਸ਼ਮ ਦੋਸ਼ ਨਹੀਂ ਕਰਵਾਨਾਂ ਇਸ਼ਕ ਕਈ ਘਰ ਗਾਲੇ।
੭੯। ਮਸਤ ਬੇਹੋਸ਼ ਹੋਯਾ ਸ਼ਾਹਜ਼ਾਦਾ ਰਹਿਆ ਸਵਾਲ ਜਵਾਬੋਂ।
ਇਕ ਨੀਂਦਰ ਗਲ ਬਾਂਹ ਸੱਸੀ ਦੀ ਦੂਜੇ ਮਸਤ ਸ਼ਰਾਬੋਂ।
ਆਸ਼ਕ ਹੋਵਣ ਤੇ ਸੁਖਸੌਵਣ ਇਹ ਗਲ ਦੂਰ ਹਿਸਾਬੋਂ।ਹਾਸ਼ਮ
ਜਿਸ ਫੜਿਆ ਰਾਹ ਇਸ਼ਕ ਦਾ ਕਾਜ ਗਵਾਯਾ ਖਾਬੋ॥੮੦॥

(ਬਲੋਚਾ ਦਾ ਸੱਸੀ ਦੇ ਬਾਗ ਵਿਚੋਂ ਪੁੰਨੂੰ ਨੂੰ ਲੈ ਜਾਣਾ)

ਅਧੀ ਰਾਤ ਗਈ ਕਰਵਾਣਾ ਸ਼ੁਤਰਾਂ ਤੰਗ ਕਸਾਏ। ਮਹਿਮਲ
ਪਈ ਬੇਹੋਸ਼ ਪੁੰਨੂੰ ਨੂੰ ਸ਼ਹਿਰ ਭੰਬੋਰੋਂ ਧਾਏ।ਘੁੰਡ ਬਲੋਚ ਬੇਤਰਸ
ਜੋ ਕਿਉਂ ਕਰ ਯਾਰ ਵਿਛੋੜ ਲਿਆਏ। ਹਾਸ਼ਮ ਰੋਵਣ ਤੇ
ਕੁਰਲਾਵਨ ਫੇਰ ਸਸੀ ਦਿਨ ਆਏ॥੮੧॥ਖਾਤਰ ਕਰਨ ਕਬਾਬ
ਸੱਸੀ ਦੇ ਮਾਰ ਜੁਦਾਈ ਕਾਨੀ। ਆਣ ਪਏ ਦੁਖ ਜਿਸਕੋ ਜਾਨੇ
ਕੀ ਗਲ ਕਰੇ ਜਬਾਨੀ। ਗੁਜਰੀ ਰਾਤ ਹੋਯਾ ਦਿਨ ਰੋਸ਼ਨ ਆਣ
ਚਿੜੀ ਚਹਿਲਾਨੀ। ਹਾਸ਼ਮ ਸੂਰਜ ਆਖ ਨਹੀਂ ਏਹ ਰੋਸ਼ਨ
ਖਿਖਾ ਅਸਮਾਨੀ॥੮੨॥ ਨੈਣ ਉਘਾੜ ਸਸੀ ਜਦ ਦੇਖੇ ਜਾਸ
ਪਈ ਸੁਧ ਆਈ। ਵਾਹਦ ਜਾਨ ਪਈ ਉਤਾਈਂ ਨਾਲ ਸੁਤੀ
ਜਿਸ ਆਈ। ਨਾ ਓਹ ਊਠ ਨਾ ਊਠਾਂ ਵਾਲੇ ਨਾ ਉਹ ਜਾਮ
ਸੁਰਾਹੀ ਹਾਸ਼ਮ ਤੋੜ ਸ਼ਿੰਗਾਰ ਸਸੀ ਨੇ ਖਾਕ ਮਿਟੀ ਸਿਰ
ਪਾਈ।੮੩। ਜਿਸ ਦਿਨ ਹੋਤ ਸਸੀ ਛਡ ਟੁਰਿਆ ਆਖੇ ਵੇਖਾਂ
ਦਿਨ ਕੇਹਾ।ਦੋਜਕ ਕਦੇ ਨਾ ਤੇਜ ਹੋਯਾ ਸੀਤ ਤਪਿਆ ਉਹ ਦਿਨ
ਜੇਹਾਂ। ਦਿਲ ਦਾ ਖੂਨ ਅਖੀਂ ਫੁਟ ਆਇਆ ਜ਼ਾਲਮ ਇਸ਼ਕ
ਅਜੇਹਾ ਹਾਸ਼ਮ ਮਾਰ ਰੁਲਾਵੇ ਗਲੀਆਂ ਬਾਂਨ ਇਸ਼ਕ ਦੀ ਏਹਾ

੮੪। ਤੋੜ ਸ਼ਿੰਗਾਰ ਸੱਸੀ ਉਠ ਦੌੜੀ ਖੋਲ੍ਹ ਲਿਟਾਂ ਘਰ ਬਾਹਰੋਂ ਚੜ੍ਹਿਆ ਆਣ ਕਰੋਧ ਸੱਸੀਕੇ ਚੰਦ ਛੁਟਾ ਪਰਵਾਰੋ। ਦੌੜੀ ਸਾਥ ਪੁੰਨੂੰ ਦਾ ਤਕਦੀ ਫੜ ਕੇ ਤੇਗ ਹਿਜਰ ਦੀ। ਹਾਸ਼ਮ ਸਹਿਨ ਮਹਾਲ ਜੁਦਾਈ ਸਖਤ ਬੁਰੀ ਤਲਵਾਰੋਂ ॥ ੮੫ ॥ ਧੋਬਨ ਮਾਂ ਨਸੀਹਤਾਂ ਕਰਦੀ ਆ ਧੀਆਂ ਪੇ ਰਾਹੀ। ਧੋਬਨ ਜਾਤ ਕਮੀਨੀ ਕਰਕ ਛੋਡ ਗਏ ਤੁਧ ਤਾਹੀਂ। ਭਜ ਭਜ ਫੇਰ ਉਸੀ ਵਲ ਦੌੜੇਂ ਲਾਜ ਅਜੇ ਤੁਧ ਨਾਹੀਂ। ਹਾਸ਼ਮ ਵੇਖ ਦੁਖਾਂ ਵਲ ਪਾ ਕੇ ਘੁੰਡ ਬਲੋਚ ਬਲਾਈ।੮੬। ਤੋੜ ਜਵਾਬ ਮਾਈ ਨੂੰ ਦਿਤਾ ਕਰ ਦੁਖ ਵੈਣ ਸੁਨਾਏ। ਮਸਤ ਬੇਹੋਸ਼ ਪੁੰਨੂੰ ਵਿਚ ਮਹਿਫਲ ਪਾ ਬਲੋਚ ਸਿਧਾਏ। ਜੇ ਕੁਝ ਹੋਸ਼ ਹੁੰਦੀ ਸ਼ਹਿਜ਼ਾਦੇ ਛੋੜ ਸੱਸੀ ਕਿਤ ਜਾਏ ਹਾਸ਼ਮ ਲੇਖ ਲਿਖੀਆਂ ਗਲ ਆਯਾ ਛੋੜ ਮੇਰਾ ਲੜ ਮਾਏ।੮੭। ਓਹ ਪੁਤ੍ਰ ਜਾਏ ਨਹੀਂ ਜੇ ਤੁਧ ਕੋਲ ਪ੍ਰੀਤ ਪੁੰਨੂੰ ਦੀ ਐਸੀ ਮਸਤ ਬੇਹੋਸ਼ ਨਾ ਰਹਿਸੀ। ਮੂਲੇ ਅੰਤ ਸਮੇਂ ਤਪਦੈਸੀ ਆਪ ਵੇਖ ਲਬਾਂ ਵਲ ਤੇਰੇ ਜਾਗ ਆਈ ਮੁੜ ਵੈਸੀ। ਹਾਸ਼ਮ ਬਾਝ ਦੇਵਾਂ ਤਨ ਮਿਲਿਆ ਚਾਤ ਲਗੀ ਤਨ ਕੈਸੀ ।੯੦॥ ਮਾਏ ਸਖਤ ਜੰਜ਼ੀਰ ਬਲੋਚਾਂ ਹੋਤ ਪੁੰਨੂੰ ਨੂੰ ਪਾਏ। ਕਦ ਓਹ ਮੁੜਨ ਪਿਛਾਂਹ ਦੇਂਦੇ ਜੈਤ ਦੁਧਰਮੀ ਘਾਵੇ। ਸਾਲਾ ਰਹਿਣ ਖਵਾਬ ਹਮੇਸ਼ਾਂ ਦੁਖੀਏ ਆਣ ਦੁਖੀਏ। ਹਾਸ਼ਮ ਕੇਡਕ ਬਾਤ ਸਸੀ ਨੂੰ ਜੇ ਰਬ ਯਾਰ ਮਿਲਾਏ ॥੮੯॥ ਮਾਂ ਕਹੇ ਫਿਰ ਸਮਝ ਸੱਸੀ ਨੂੰ ਕਰ ਕੁਝ ਹੋਸ਼ ਟਿਕਾਣੇ। ਜਹੀ ਕਰਨ ਮਹਾਲ ਬਦੇਸਾਂ ਜਾਨਣ ਬਾਲ ਨਿਆਣੇ। ਬਾਝ ਪਿਆਰ ਖੁਦਾ ਨਾ ਹੁੰਦੇ ਆਦਮਖੂਬ ਸਿਆਣੇ। ਹਾਸ਼ਮ ਸਮਝ ਵਿਚਾਰ ਬਲੋਚਾਂ ਕਿਸਿਰ ਦੇਸ਼ ਬਿਗਾਨੇ ॥ ੯੧ ॥ ਮਾਏ ਜੇ ਦਿਲ ਖਾਹਸ਼ ਹੋਈ ਓਸ ਮੇਰੇ ਦਿਲਬਰ ਦੀ। ਦਿਲਬਰ ਬੇ-ਪਰਵਾਹ ਹਮੇਸ਼ਾਂ ਕੁਝ ਪਰਵਾਹ ਨਾ ਕਰਦੇ। ਮੁਫਤ ਪਤੰਗੇ ਚਕੋਰ ਪਿਆਰੇ ਦੇਖ ਸ਼ਮ੍ਹਾਂ ਜਲ ਮਾਰਦੇ । ਹਾਸ਼ਮ ਮੋੜ ਰਹੇ

ਨਹੀਂ ਮੁੜਦੇ ਘਰ ਦੇ ਲੋਗ ਸ਼ਹਿਰ ਦੇ ।੬੨। ਮਾਈ ਫੇਰ ਸੱਸੀ ਨੂੰ ਆਖੇ ਆ ਮੁੜ ਐ ਦਿਵਾਨੀ, ਕਿਸ ਦਿਨ ਜਾ ਬਲੋਚਾਂ ਮਿਲਸੈਂ ਪੈਰੀ ਟੁਰਨ ਬਗਾਨੀ। ਸੂਲੀਸਾਰ ਅਗੇ ਥਲ ਮਾਰੂ ਤਰਸ ਮਰੇਂ ਬਿਨ ਪਾਣੀ। ਹਾਸ਼ਮ ਜਾਨ ਮਹਾਲ ਅਕੇਲੀਵਿਚ ਜੰਗਲ ਬੀਆਬਾਨ ।੬੩। ਮਰਸਾਂ ਮੂਲ ਨਾ ਮੁੜਸਾਂ ਰਾਹੋਂ ਜਾਨ ਤਲੀ ਪਰ ਧਰਸਾਂ। ਜਬ ਤਕ ਜਾਨ ਰਹੇ ਵਿਚ ਤਨ ਦੇ ਮਰਨੋਂ ਮੂਲ ਨਾ ਡਰਸਾਂ। ਜੇ ਰੱਬ ਕੂਕ ਸੱਸੀ ਦੀ ਸੁਨਸੀ ਜਾ ਪਲਾਂ ਉਸ ਫੜਸਾਂ। ਹਾਸ਼ਮ ਨਹੀਂ ਸ਼ਹਿਦ ਭੀ ਹੋ ਕੇ ਥਲ ਮਾਰੂ ਵਿਚ ਮਰਸਾਂ ॥ ੬੪ ॥ ਫੜਿਆ ਰਾਹ ਕੋਈ ਪਰਦੇਸਨ ਟੁਟ ਗਈ ਡੋਰ ਪਤੰਗੋਂ। ਦਿਲ ਤੋਂ ਖੌਫ ਉਤਾਰ ਸਿਧਾਈ ਵਲੋਂ ਸੇਹ ਪਲੰਗੋਂ,ਸੱਸੀ ਉਹ ਨਾ ਧਰਦੀ ਆਹੀ ਪੈਰ ਹਠਾਹ ਪਲੰਗੋਂ। ਹਾਸ਼ਮ ਜ ਦਿਲ ਚਾਹੇ ਖਲਾਸੀ ਹੋਈ ਕੈਦ ਫਰੰਗੋਂ ।੬੫॥ ਕੂਚ ਅਸਬਾਬ ਚਲੀ ਸ਼ਾਹਜ਼ਾਦੀ ਛਡਿਆ ਰਾਹ ਖਤਰੇ ਕਾ ਪਾਂਣੀ ਖੂਨ ਖੁਰਾਕ ਕਲੇਜਾ ਘਾਇਲ ਸਮਸ ਕਮਰ ਕਾ, ਗਲ ਵਿਚ ਵਾਲ ਅਖੀਂ ਵਿਚ ਸੂਰਮੀ ਸੂਰਜ ਚਮਕ ਕਹਿਰ ਦਾ ਹਾਸ਼ਮ ਵੇਖ ਅਹਿਵਾਲ ਕਲੇਜਾ ਰਹਿਬਰ ਦਰਦ ਹਿਜਰ ਦਾ॥ ੬੬। ਚਮਕੀ ਆਣ ਦੁਪਹਿਰਾਂ ਵੇਲੇ ਗਰਮੀ ਗਰਮ ਬਹਾਰੇ ਤਪਣੀ ਵਾ ਵਗੇ ਅਸਮਾਨੋਂ ਪੰਛੀ ਮਾਰ ਉਤਾਰੇ। ਆਤਸ ਦਾ ਦਰਿਆ ਖਲੋਤਾ ਥਲ ਮਾਰੂ ਵਿਚ ਸਾਰੇ। ਹਾਸ਼ਮ ਫੇਰ ਪਿਛਾਂਹ ਨਾ ਮੁੜਦੀ ਲੂੰ ਲੂੰ ਹੋਤ ਪੁਕਾਰੇ ॥ ੬੭ ॥ ਨਾਜ਼ਕ ਪੈਰ ਮਲੂਕ ਸੱਸੀ ਦੇ ਮਹਿੰਦੀ ਨਾਲ ਸ਼ਿੰਗਾਰੇ।ਬਾਲੂ ਰੇਤ ਤਪੇ ਵਿਚ ਥਲ ਕੇ ਜਿਉਂ ਜੌਂ ਭੁਨਨ ਭਠਿਆਰੇ,ਸੂਰਜ ਭਜ ਵੜਿਆ ਵਿਚ ਬਦਲੀਂ ਡਰਦਾ ਲਿਸ਼ਕ ਨਾ ਮਾਰੇ। ਹਾਸ਼ਮ ਵੇਖ ਯਕੀਨ ਸਸੀ ਦਾ ਸਿਦਕੋਂ ਮੂਲ ਨਾ ਹਾਰੇ ॥ ੬੮ ॥ ਦਿਲ ਵਿਚ ਤਪਸ ਥਲਾਂ ਦੀ ਗਰਮੀ ਆਣ ਫਿਕਰ ਟੰਗਾਣੀ। ਕਿਰਚਕ ਨੈਣ ਕਰਮ ਦਿਲ

ਬਰੀਆਂ ਜਾਨ ਲਬਾਂ ਵਿਚ ਪਾਣੀ। ਫੜ ਫੜ ਡਾਢ ਕਰੇ ਹੇਠ ਦਿਲ ਦਾ ਪਰ ਜਦ ਬਹੁਤ ਵਿਹਾਣੀ। ਹਾਸ਼ਮ ਯਾਦ ਭੰਬੋਰ ਪਿਆ ਉਹ ਟੁਟ ਗਿਆ ਮਾਨ ਨਿਮਾਨੀ।੯੮। ਜੇ ਜਾਣਾ ਛਡ ਸੱਸੀ ਨੂੰ ਇਕ ਪਲ ਅੱਖ ਨਾ ਝਮਕਾਂ ਜਰਾ ਹੋਕੇ ਵਿਚ ਥਲਾਂ ਦੇ ਵਾਂਗ ਜਵਾਹਰ ਚਮਕਾਂ ਵਾਂਗੂ ਜਲ ਕਲ ਦੇਣ ਦਿਖਾਲੀ ਥਲ ਮਾਰੂ ਦੀਆਂ ਚਮਕਾਂ। ਹਾਸ਼ਮ ਕੌਣ ਸੱਸੀ ਬਿਨ ਦੇਖੇ ਏਸ ਇਸ਼ਕ ਦੀਆਂ ਧਮਕਾਂ।੯੯। ਥਲ ਮਾਰੂ ਤਪ ਦੋਜਕ ਹੋਯਾ ਆਤਸ਼ ਸੋਜ਼ ਹਿਜ਼ਰ ਦੀ। ਮੁੜਨ ਮਹਾਲ ਵਲਕਨ ਔਖੀ ਸੂਰਤ ਕੀਚ ਸ਼ਹਿਰ ਦੀ। ਜਬ ਤਕ ਸਾਸਨ ਰਾਸਨ ਹੋਵਨ ਦਿਲ ਵਿਚ ਤਾਂਘ ਮਿਸਰ ਦੀ। ਹਾਸ਼ਮ ਸਖਤ ਬਲੋਚ ਕੁਝ ਕਮੀਨੇ ਬੇ ਇਨਸਾਫ ਬੇ-ਦਰਦੀ ੧੦੦। ਕੁਝ ਬਹਿੰਦੀ ਕੁਝ ਡਿਗਦੀ ਢੈਂਦੀ ਉਠਦੀ ਤੇ ਦਮ ਲੈਂਦੀ।ਜਿਉਂ ਕਰ ਟੋਟ ਸ਼ਰਾਬੋਂ ਆਵੇ ਫੇਰ ਉਤਾਂਹ ਵਲ ਡਹਿੰਦੀ ਚੁੰਜ ਖੋਜ ਸ਼ੁਤਰ ਦਾਂ ਫੜਕੇ ਕਿਤ ਵਲ ਭਾਲਨ ਪੈਂਦੀ। ਹਾਸ਼ਮ ਜਗਤ ਦਾ ਕਿਉਂ ਕਰ ਗਾਵੇ ਪ੍ਰੀਤ ਸੰਪੂਰਨ ਪੈਂਦੀ ॥੧੦੧॥ ਕੁਦਰਤ ਨਾਲ ਸੱਸੀ ਹਬ ਆਇਆ ਫੜਿਆ ਖੋਜ ਸੁਤਰ ਦਾ। ਜਾਂ ਪਾਯਾ ਉਸ ਖੋਜ ਸੁਤਰ ਦਾ ਮਿਲਿਆ ਜਾਂਮ ਖਿਜਰ ਦਾ ਜਾਂ ਉਹ। ਨੂਰ ਨਜ਼ਰ ਨਾ ਕਹੀਏ ਦਾਰੂ ਦਰਦ ਜਿਗਰ ਦਾ। ਹਾਸ਼ਮ ਪੈ ਸੱਸੀ ਟੱਟ ਆਇਆ ਕਾਸਦ ਕੀਟ ਸ਼ਹਿਰ ਦਾ।੧੦੨ ਫਿਰ ਕੇ ਦੇਖ ਰਹੀ ਹਰ ਦੂਜਾ ਖੋਜਾ ਨਾ ਨਜਰੀ ਆਵੇ। ਦਾਰੂ ਦਰਦੇ ਜਿਗਰ ਦਾ ਕਰਕੇ ਖੋਜ ਪਈ ਗਲ ਲਾਵੇ। ਫੇਰ ਭੁਲ ਨਾ ਸਕਦੀ ਮੂਲੇ ਮਤ ਏਹ ਭੀ ਛਲ ਜਾਵੇ ਹਾਸ਼ਮ ਫਿਰ ਵਸਾਹ ਨਹੀਂ ਕਰਦੀ ਵਾਂਗ ਮੂੰਹੂ ਗਲ ਜਾਏ।੧੦੩। ਕਾਕਾ ਨਾਮ ਅਜ਼ਾਲਾ ਆਹਾ ਓਸ ਜੰਗਲ ਵਿਚ ਛਿੜਦਾ ਅੰਚਲ ਛੋਡ ਨਿਸ਼ਾਨੀ ਕਰਕ ਫੜਦਾ ਰਾਹ ਉਧਰਦਾ। ਡਿਠਾਂ ਓਹ ਸੱਸੀ ਨੇ ਦੂਰੋਂ ਥਲ ਮਾਰੂ ਵਿਚ ਫਿਰਦਾ,ਹਾਸ਼ਮ ਕੂਕ ਕਰੇ ਫਿਰ ਉਸਨੂੰ ਪਰਚਾ ਵਸ ਦਿਲ

ਘਰਦਾ ।੧੦੪। ਸੂਰਤ ਵੇਖ ਅਜਾਲੀ ਡਰਿਆ ਆਵਤ ਮਾਰ ਨਾ ਜਾਵੇ। ਆਦਮ ਰੂਪ ਜਨਾਨੀ ਸੂਰਤ ਥਲ ਮਾਰੂ ਕਦ ਆਵੇ। ਜਿਉਂ ਜਿਉਂ ਸੁਣੇ ਅਵਾਜ਼ ਸੱਸੀ ਦੀ ਛਪ ਛਪ ਜਾਨ ਬਚਾਵੇ। ਹਾਸ਼ਮ ਜਾਂ ਹੋਵਨ ਦਿਨ ਉਲਟੇ ਸਭ ਉਲਟਾ ਹੋ ਜਾਏ। ੧੦੫। ਕੂਕ ਪੁਕਾਰ ਨਰਾਸ ਸਸੀ ਹੋ ਖੋਜ ਬੰਨੇ ਮੁੜ ਦੌੜੀ। ਦਿਲ ਦੀ ਸਾੜ ਥਲਾਂ ਦੀ ਗਰਮੀ ਰੂਹ ਰੋਝੇਨੀ ਹੌੜੀ। ਪਿਛਾ ਦੇ ਰਲੀ ਸ਼ਾਹਜ਼ਾਦੀ ਜਾਨ ਲੱਗੀ ਵਿਟ ਕੌੜੀ। ਹਾਸ਼ਮ ਕੌਣ ਫਲਕ ਪਰ ਪਹੁੰਚੇ ਜਾਂ ਚੜੀਏ ਧਰ ਪੌੜੀ॥ ੧੦੬॥ ਮੰਜਲੀ ਆਖ ਜਤਨ ਕਰ ਪਹੁੰਚੀ ਖੋਜ ਉਪਰ ਹਥ ਧਰ ਕੇ। ਤਿਗਦਿਆਂ ਹੋਇਆ ਕੀਤੀਆਂ ਆਹੀ ਯਾਦ ਬਲੋਚਾਂ ਕਰ ਕੇ। ਸ਼ਾਲਾ ਰਹਿਨ ਕਿਆਮਤ ਤਾਈਂ ਨਾਲ ਸੂਲਾਂ ਲਟਕੇ। ਹਾਸ਼ਮ ਮਰਨ ਕਮੌਤ ਬਦੇਸ਼ੀ ਲੂਣ ਵਾਂਗ ਖੁਰ ਖੁਰ ਕੇ ॥੧੦੭॥ ਓੜਕ ਵਕਤ ਕਹਿਰ ਦੀਆਂ ਕੂਕਾਂ ਸੁਣ ਪੱਥਰ ਢਲ ਜਾਂਵੇ। ਜਿਸ ਡਾਚੀ ਮੇਰਾ ਮੁੰਨੂੰ ਖੜਿਆ ਸ਼ਾਲਾ ਮਰ ਦੋਜਕ ਵਿਚ ਜਾਏ। ਯਾ ਉਸ ਨੇਹੁ ਲਗੇ ਵਿਚ ਬਿਰਹੋਂ ਵਾਂਗ ਸਸੀ ਜਰ ਜਾਏ। ਹਾਸ਼ਮ ਮੌਤ ਪਵੇ ਕਰਵਾਨਾ ਤੁਖਮ ਜ਼ਮੀਨੋਂ ਜਾਵੇ ॥੧੦੮॥ ਫਿਰ ਮੁੜ ਸਮਝ ਕਰੇ ਲਖ ਤੋਬਾ ਮੈਥੋਂ ਬਹੁਤ ਬੇ-ਅਦਬੀ ਹੋਈ ਜਿਸ ਪਰ ਯਾਰ ਕਰੇ ਅਸਵਾਰੀ ਤਿਸ ਜੇਡ ਨਾ ਕੋਈ। ਕੁਝ ਮੈਂ ਵਾਂਗ ਨਕਰਮਨ ਨਾਹੀਂ ਕਿਤਵਲ ਨਾਮਿਲੇ ਨਾ ਢੋਈ। ਹਾਸ਼ਮ ਕੰਤ ਮਿਲੇ ਹੁਣ ਜਿਸ ਨੂੰ ਜਾਨ ਸੋਹਾਗਨ ਹੋਈ। ੧੦੯॥ ਸਿਰ ਧਰ ਖੋਜ਼ ਬਹੁਤ ਗਸ਼ ਆਇਆ ਮੌਤ ਸਸੀ ਦੀ ਆਈ। ਖੁਸ਼ ਰਹੁ ਯਾਰ ਅਸਾਂ ਤੁਧ ਕਾਰਨ ਥਲ ਵਿਚ ਜਾਨ ਗਵਾਈ। ਤਿਗਦਿਆਂ ਸਾਰ ਗਿਆ ਦਮ ਨਿਕਲ ਤਨ ਥੀਂ ਜਾਨ ਸਿਧਾਈ। ਹਾਸਮ ਕਹੁ ਲਖ ਲਖ ਸ਼ੁਕਰਾਨਾ

ਇਸ਼ਕ ਵਲੋਂ ਰਹਿ ਆਈ ॥੧੧੦॥ ਤਜ ਤਜਵੀਜ਼ ਅਯਾਲੀ ਦਿਲ ਵਿਚ ਕਰੇ ਵਿਚਾਰ ਉਸ ਗਲ ਦੀ। ਮਤ ਇਹ ਨਾਰ ਕਰ ਮਰ ਪਿਆਰੀ ਰਾਹ ਬਦਾਉ ਨਾ ਚਲਦੀ। ਕਿਆ ਅਸਰਾਰ ਗਿਆ ਵੇਖ ਏਵੇਂ ਫੇਰ ਨਹੀਂ ਮੁੜ ਹਲਦੀ ਹਾਸ਼ਮ ਚਲ ਵੇਖਾਂ ਕੀ ਕਰਨਾ ਹੋਨਹਾਰ ਨਹੀਂ ਟਲਦੀ। ੧੧੧। ਅਕਲ ਛੋੜ ਸੱਸੀ ਵਲ ਟੁਰਿਆ ਕਰਦਾ ਰਾਹ ਪਕੜਦਾ। ਸੂਰਤ ਦੇਖ ਅਹਿਵਾਲ ਸੱਸੀ ਦੀ ਚੜ੍ਹਿਆ ਜੋਸ਼ ਕਹਿਰ ਦਾ। ਦਿਲ ਤੋਂ ਸ਼ੌਂਕ ਉਠ ਗਿਆ ਸਾਰਾ ਮਾਲ ਔਰਤ ਪੁਤਲੀ ਘਰ ਦਾ ਹਾਸ਼ਮ ਜਾਨ ਦਿਲੋਂ ਜਗ ਫਾਨੀ ਅਸਲ ਫਕੀਰੀ ਫੜਦਾ ॥ ੧੧੨ ॥ ਥਲ ਵਿਚ ਗੋਰ ਸੱਸੀ ਦੀ ਕਰਕੇ ਬੈਠਾ ਗੋਰ ਸਰਹਾਣੇ ਗਲ ਕਫਨੀ ਸਿਰ ਪਾ ਰਹਿਨਾ ਵਾਂਗ ਯਤੀਮ ਨਿਮਾਣੇ ਇਕ ਗਲ ਜਾਨ ਲਈ ਜਗ ਫਾਨੀ ਹੋਰ ਕਲਮ ਸੰਞਾਨੇ ਹਾਸ਼ਮ ਖਾਸ ਫਕੀਰੀ ਇਹੋ ਪਰ ਕੋਈ ਵਿਰਲਾ ਜਾਨੇ ।੧੧੩। ਉਡਿਆ ਭੌਰ ਸਸੀ ਦੇ ਤਨ ਥੀਂ ਫੇਰ ਪੁੰਨੂੰ ਵਲ ਆਇਆ ਮਹਿਫਲ ਮਸਤ ਬੇਹੋਸ਼ ਪੁੰਨੂੰ ਨੂੰ ਸੁਫਨੇ ਆਨ ਜਗਾਇਆ ਲੈ ਹੁਣ ਯਾਰ ਅਸਾਂ ਸੰਗ ਤੇਰੇ ਕੌਲ ਕਰਾਰ ਨਿਭਾਇਆ, ਹਾਸ਼ਮ ਰਹੀ ਸੱਸੀ ਵਿਚ ਥਲ ਦੇ ਮੈਂ ਰੁਖਸਦ ਕਰ ਲੈ ਆਇਆ ॥ ੧੧੪ ॥ ਅਧ ਘੜੀ ਨੀਂਦ ਪੁੰਨੂੰ ਉਠ ਬੈਠਾ ਜਲਦੀ ਵਿਚ ਕਰਾਏ। ਨਾ ਉਹ ਸ਼ਹਿਰ ਭਂਬੋਰ ਪਿਆਰਾ ਨਾ ਉਹ ਮਹਿਲ ਸੁਹਾਵੇ। ਅਚਾਨਕ ਚਮਕ ਲਗੀ ਸ਼ਹਿਜ਼ਾਦੇ ਦੇ ਕੁਝ ਸਿਰ ਪੈਰ ਨਾ ਆਵੇ। ਹਾਸਮਾ ਜਾਗ ਆਈ ਜਿਸ ਵੇਲੇ ਫਿਰ ਕਿਆ ਚੈਨ ਵਿਹਾਵੇ। ੧੧੫ ॥ ਉਹ ਸ਼ੁਤਰ ਮੋੜ ਘਰ ਨੂੰ ਟੁਰਿਆ ਫੇਰ ਸੱਸੀ ਵਲ ਮੁੜਿਆ। ਆਵਨ ਫੇਰ ਭਰਾ ਨਾ ਦੇਂਦੇ ਊਠ ਮੁਹਾਰੋਂ

ਫੜਿਆ। ਤੁਧ ਬਿਨ ਬਾਪ ਨਬੀਨਾ ਹੋਇਆ ਕੂਕੇ ਸੜਿਆ ਸੜਿਆ। ਹਾਸ਼ਮ ਮਹਿਲ ਕੀਚਮ ਦੇ ਉਤੇ ਤਰੇਸ ਪਿਆਲਾ ਫੜਿਆ ॥ ੧੧੬ ॥ ਹਿਜਰੋਂ ਅੰਗ ਪੁੰਨੂੰ ਨੂੰ ਭੜਕੀ ਤੇਜ਼ ਜਵਾਬ ਸੁਣਾਏ। ਜੈਸੀ ਨਾਲ ਅਸਾਡੇ ਕੀਤੀ ਪੇਸ਼ ਤੁਹਾਡੇ ਆਵੇ, ਕਹਿੰਦੀ ਮਾਂ ਪੁੰਨੂੰ ਪੁਤ ਕਹਿੰਦਾ ਨਾਲ ਮੋਇਆਂ ਮਰ ਜਾਏ। ਹਾਸ਼ਮ ਬਾਝ ਸੱਸੀ ਨਹੀਂ ਦੂਜ ਜੇ ਰੱਬ ਫੇਰ ਮਿਲਾਏ ॥ ੧੧੭ ॥ ਖੇਡਾਂ ਬਲੋਚ ਖਿਆਲ ਨਾ ਛਡਦੇ ਰਾਹ ਵਿਚ ਘੇਰ ਖਲੋਂਦੇ। ਨਾਲੇ ਜ਼ੋਰ ਦਿਖਾਵਨ ਆਪਣਾ ਗਲੇ ਲੱਗ ਰੋਂਦੇ। ਜਦ ਤਕ ਜਾਨ ਨਾ ਮੁੜਨ ਦੇਸਾਂ ਆਪ ਪੁੰਨੂੰ ਨੂੰ ਕਹਿੰਦੇ। ਹਾਸ਼ਮ ਆਸ਼ਕ ਬਾਝ ਮਸ਼ੂਕ ਕੈਦ ਕੀਤੇ ਕਦ ਰਹਿੰਦੇ ॥ ੧੧੮ ॥ ਬਹੁਤ ਲਾਚਾਰ ਹੋਇਆ ਸ਼ਹਿਜ਼ਾਦਾ ਖਿਚੀ ਪਕੜ ਕਟਾਰੀ। ਜਿਸ ਦੀ ਚਮਕ ਲਗੇ ਜਿੰਦ ਜਾਏ ਕੀਮਤ ਬੇ-ਸ਼ੁਮਾਰੀ। ਛੋਡ ਸੁਹਾਗ ਦਿਤੀ ਜਦ ਭਾਈ ਡਰਦਿਆਂ ਜਿੰਦ ਪਿਆਰੀ। ਹਾਸ਼ਮ ਕੌਣ ਫੜੇ ਜਿੰਦ ਬਾਜ਼ਾਂ ਜਾਨ ਇਸ਼ਕ ਵਿਚ ਹਾਰੀ। ੧੧੯ ॥ ਸਿਟੀ ਹੋਤ ਮੁਹਾਰ ਸੱਸੀ ਵਲ ਚਲ ਭਾਈ ਦੁਖ ਜਾਈ। ਮਿਲਸਾਂ ਮੈਂ ਇਕ ਵਾਰ ਸੱਸੀ ਨੂੰ ਜੇ ਰਬ ਆਸ ਪੁਜਾਈ ਝਟ ਪਟ ਫੇਰ ਸੱਸੀ ਵਲ ਕੇਹੜਾ ਵਕਤ ਹੋਏ ਮਨ ਭਾਈ। ਹਾਸ਼ਮ ਦੁਧ ਮਝੀ ਦਾ ਦੇਸਾਂ ਕਰਸਾਂ ਟਹਿਲ ਸਬਾਂਈ ॥੧੨੦ ॥ ਸਾਬਾਸ਼ ਉਸ ਸ਼ੁਤਰ ਦਾ ਟੁਰਨਾ ਤੇਸ਼ ਬਣੀ ਤਕਦੀਰੋਂ। ਬਹੁਤਾ ਆਨ ਸਮੀਦੀ ਗਰੇਆਂ ਕਲ ਸ਼ੁਤਰ ਵਜ਼ੀਰੋਂ। ਤਾਜਾ ਹੋਰ ਡਿਠਾ ਸ਼ਹਜ਼ਾਦੇ ਪੁਛਿਆ ਉਸ ਫਕੀਰੋਂ ਹਾਸ਼ਮ ਕੌਣ ਬਜ਼ੁਰਗ ਸਮਾਇਆ ਵਾਕ ਫਰਕ ਇਸ ਪੀਰੋਂ ॥ ੧੨੧ ॥ ਆਖੇ ਓਹ ਫਰਕ ਪੁੰਨੂੰ ਨੂੰ ਖੋਹਲ ਹਕੀਕਤ ਸਾਰੀ। ਆਹੀ ਨਾਰ ਪਰੀ ਦੀ ਸੂਰਤ

ਗਰਮੀ ਮਾਰ ਉਤਾਰੀ । ਜਪਦੀ ਨਾਮ ਪੰਨੂੰ ਦਾ ਆਹੀ ਦਰਦ ਦੀ ਮਾਰੀ ਹਾਸ਼ਮ ਨਾਮ ਜਾਨਨਾ ਆਹੀ ਦੇਖੋ ਕੌਣ ਵਿਚਾਰੀ ॥ ੧੨੨ ॥ ਗਲ ਸੁਣ ਹੋਤ ਜ਼ਿਮੀਂ ਤੇ ਡਿਗਾ ਖਾ ਕਲੇਜੇ ਕਾਨੀ । ਖੁਲ੍ਹ ਗਈ ਗੌਰ ਪਿਆ ਵਿਚ ਕਬਰੇ ਫੇਰ ਮਿਲੇ ਦਿਲ ਜਾਨੀ । ਖਾਤਰ ਇਸ਼ਕ ਗਈ ਰਲ ਮਿਟੀ ਸੂਰਤ ਹੁਸਨ ਜ਼ਨਾਨੀ । ਹਾਸ਼ਮ ਇਸ਼ਕ ਕਮਾਲ ਸਸੀ ਦਾ ਜਗ ਵਿਚ ਰਹੀ ਕਹਾਣੀ ॥ ੧੨੩ ॥

— ਸੰਪੂਰਨ —


## ਅਸਲੀ ਕਸ਼ਮੀਰੀ ਕੋਕ ਸ਼ਾਸਤਰ

ਸੱਪ ਫੜਨ ਦੇ ਹੁਨਰ ਸਿਖੇ ਬਿਨਾਂ ਜੇ ਆਦਮੀ ਕਿਸੇ ਕਾਲੀ ਨਾਗਨ ਨੂੰ ਫੜਨ ਦੀ ਕੋਸ਼ਿਸ ਕਰੇਗਾ । ਸਿਖੇ ਬਿਨਾਂ ਨਾਗਨ ਉਸ ਨੂੰ ਡੰਗ ਮਾਰਨ ਤੋਂ ਨਹੀਂ ਹਟੇਗੀ, ਤਰਨ ਦੀ ਜਾਂਚ ਬਿਨਾ ਜੇ ਆਦਮੀ ਦਰਿਆ ਵਿਚ ਛਾਲ ਮਾਰੇਗਾ ਓਹ ਜਰੂਰ ਡੁਬ ਜਾਏਗਾ । ਇਸੇ ਤਰ੍ਹਾਂ ਜਨਾਨੀ ਦੀ ਫਿਰਤ ਨੂੰ ਜਾਨਣ ਤੋਂ ਬਿਨਾਂ ਜਿਹੜਾ ਆਦਮੀ ਸ਼ਾਦੀ ਕਰੇਗਾ ਉਹਦੀ ਜ਼ਿੰਦਗੀ ਖਤਰੇ ਤੋਂ ਖਾਲੀ ਨਹੀਂ ਹੋਵੇਗੀ । ਇਸ ਵਾਸਤੇ ਸ਼ਾਦੀ ਦੇ ਅਸੂਲਾ ਨੂੰ ਅਸਲੀ ਰੂਪ ਦੇਣ ਲਈ ਸਾਥੋਂ ਅਸਲੀ ਕਸ਼ਮੀਰੀ ਕੋਕ ਸ਼ਾਸਤ੍ਰ ਮੰਗਾ ਕੇ ਪੜ੍ਹੋ । ਇਸ ਵਿਚ ਭੇਦ ਭਰੀਆਂ ਤਸਵੀਰਾਂ ਤੇ ਹਦਾਇਤਾਂ ਦਰਜ ਹਨ ਜੋ ਅਜ ਤਕ ਕਿਸੇ ਕੋਕ ਸਾਸਤ੍ਰ ਵਿਚ ਦਰਜ ਨਹੀਂ ਸਨ । ਹਰ ਇਕ ਮਰਦ ਪੁਰਸ਼ ਲਈ ਪੜ੍ਹਨਾ ਬਹੁਤ ਜ਼ਰੂਰੀ ਹੈ । ਅਜ ਹੀ 10) ਦਸ ਰੁਪੈ ਦਾ ਮਨੀਆਰਡਰ ਭੇਜਕੇ ਮੰਗਾਓ ।

ਮਿਲਣ ਦਾ ਪਤਾ—

**ਅੰਮ੍ਰਿਤ ਪੁਸਤਕ ਭੰਡਾਰ,**

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ


ਸੱਭਰਵਾਲ ਪ੍ਰਿੰਟਿੰਗ ਪ੍ਰੈਸ ਕ੍ਰਿਸ਼ਨ ਨਗਰ ਅੰਮ੍ਰਿਤਸਰ । ਪ੍ਰਿੰਟਰ-ਬਲਵਿੰਦਰ ਸਿੰਘ

## ਸਿਰਫ਼ ਵੀਹ ਰੁਪਏ ਖਰਚ ਕੇ

# ਹੁਨਰ ਸਿਖੋ ਤੇ ਦੌਲਤ ਕਮਾਓ

ਹਰ ਕਿਤਾਬ ਦੀ ਕੀਮਤ ਵੀਹ ਰੁਪਏ ਡਾਕ ਖਰਚ ਸਮੇਤ

| | | |
|---|---|---|
| 1. | ਮੋਟਰ ਮਕੈਨਿਕ ਤੇ ਡਰਾਇਵਰੀ ਸਿਖਿਆ | 20–00 |
| 2. | ਟਰੈਕਟਰ ਗਾਈਡ | 20–00 |
| 3. | ਰੇਡੀਓ ਗਾਈਡ | 20–00 |
| 4. | ਖਰਾਦ ਸਿਖਿਆ ਤੇ ਵਰਕਸ਼ਾਪ | 20-00 |
| 5. | ਰਸੋਈ ਤੇ ਹਲਵਾਈ ਸਿਖਿਆ | 20-00 |
| 6. | ਇੰਦਰ ਜਾਲ ਲਿਖਤੀ ਵਡਾ | 20 00 |
| 7. | ਪੰਜਾਸੋ ਵਪਾਰ (ਸਾਬਨ ਤੇਲ ਸਾਜ਼ੀ ਸਮੇਤ) | 20-00 |
| 8. | ਕਟਾਈ ਸਿਲਾਈ ਸਿਖਿਆ | 2--00 |
| 9. | ਹਥ ਰੇਖਾ ਗਾਈਡ ਤੇ ਜੋਤਸ਼ ਪ੍ਰਬੰਧ | 20–00 |
| 10. | ਵਡਾ ਇੰਗਲਿਸ਼ ਟੀਚਰ | 20–00 |
| 11. | ਸਿਵ ਜੰਤ੍ਰ ਤੰਤ੍ਰ ਮੰਤ੍ਰ | 20–00 |
| 12. | ਮੁਰਗੀ ਖਾਨਾ | 20–00 |
| 13. | ਹਰਮੋਨੀਅਮ ਸਿਖਿਆ | 20–00 |
| 14. | ਸਾਧੂ ਦੀ ਚੁਟਕੀ | 20–00 |
| 15. | ਬੰਗਾਲ ਦਾ ਕਾਲਾ ਜਾਦੂ | 20–00 |
| 16. | ਮੋਹਨੀ ਮੰਤਰ | 20–00 |
| 17. | ਪ੍ਰੇਮ ਪੱਤਰ | 20–00 |
| 18. | ਸ਼ਿਅਰ ਬੈਂਤ | 20–00 |
| 19. | ਪੰਜਾਬੀ ਬੋਲੀਆਂ | 20–00 |

ਘਰ ਬੈਠੇ ਚਿੱਠੀ ਭੇਜਕੇ ਵੀ. ਪੀ. ਰਾਹੀਂ ਹਰ ਕਿਸਮ ਦੀਆਂ
ਪੁਸਤਕਾਂ ਮੰਗਵਾਉਣ ਦਾ ਪਤਾ

### ਅੰਮ੍ਰਿਤ ਪੁਸਤਕ ਭੰਡਾਰ

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।